The self-willed manmukh is the field of sorrow and suffering. He plants sorrow, and eats sorrow.

ਦੁਖ ਵਿਚਿ ਜੰਮੈ , ਦੁਖਿ ਮਰੈ ; ਹਉਮੈ ਕਰਤ ਵਿਹਾਇ ॥ (947-6, ਰਾਮਕਲੀ, ਮਃ 3)

In sorrow he is born, and in sorrow he dies. Acting in egotism, his life passes away.

ਆਵਣੁ ਜਾਣੁ ਨ ਸੁਝਈ ; ਅੰਧਾ ਅੰਧੁ ਕਮਾਇ ॥ (947-7, ਰਾਮਕਲੀ, ਮਃ 3)

He does not understand the coming and going of reincarnation; the blind man acts in blindness of ignorance.

ਜੋ ਦੇਵੈ , ਤਿਸੈ ਨ ਜਾਣਈ ; ਦਿਤੇ ਕਉ ਲਪਟਾਇ ॥ (947-7, ਰਾਮਕਲੀ, ਮਃ 3)

He does not know the One who gives, but he is attached to what is given.

ਨਾਨਕ , ਪੂਰਬਿ ਲਿਖਿਆ ਕਮਾਵਣਾ ;
ਅਵਰੁ ਨ ਕਰਣਾ ਜਾਇ ॥੨॥ (947-8, ਰਾਮਕਲੀ, ਮਃ 3)

Guru Nanak says, he acts according to his pre-ordained destiny. He cannot do anything else. ||2||

ਮਃ ੩ ॥ (947-8)

Third Mahala:

ਸਤਿਗੁਰਿ ਮਿਲਿਐ , ਸਦਾ ਸੁਖੁ ;
ਜਿਸ ਨੋ ਆਪੇ ਮੇਲੇ ਸੋਇ ॥ (947-8, ਰਾਮਕਲੀ, ਮਃ 3)

Meeting the True Guru, everlasting peace is obtained. He Himself leads us to meet Him.

ਸੁਖੈ ਏਹੁ ਬਿਬੇਕੁ ਹੈ ; ਅੰਤਰੁ ਨਿਰਮਲੁ ਹੋਇ ॥ (947-9, ਰਾਮਕਲੀ, ਮਃ 3)

The peace is only in the union with Almighty, that one becomes Pure within oneself.

ਅਗਿਆਨ ਕਾ ਭ੍ਰਮੁ ਕਟੀਐ ; ਗਿਆਨੁ ਪਰਾਪਤਿ ਹੋਇ ॥ (947-9, ਰਾਮਕਲੀ, ਮਃ 3)

The doubt of ignorance is eradicated, and spiritual wisdom is obtained.

ਨਾਨਕ , ਏਕੋ ਨਦਰੀ ਆਇਆ ;
ਜਹ ਦੇਖਾ , ਤਹ ਸੋਇ ॥੩॥ (947-10, ਰਾਮਕਲੀ, ਮਃ 3)

Guru Nanak says, the enlightened person sees Almighty alone; wherever he/she looks, there He is. ||3||

ਪਉੜੀ ॥ (947-10)

Pauree:

ਸਚੈ ਤਖਤੁ ਰਚਾਇਆ ; ਬੈਸਣ ਕਉ ਜਾਂਈ ॥ (947-10, ਰਾਮਕਲੀ, ਮਃ 3)

The True Master created the entire universe as His throne, upon which He sits.

ਸਭੁ ਕਿਛੁ ਆਪੇ ਆਪਿ ਹੈ ; ਗੁਰ ਸਬਦਿ ਸੁਣਾਈ ॥ (947-11, ਰਾਮਕਲੀ, ਮਃ 3)

He Himself is everything; this is what the Guru's Shabad (Gurbani) says.

ਆਪੇ ਕੁਦਰਤਿ ਸਾਜੀਅਨੁ ; ਕਰਿ ਮਹਲ ਸਰਾਈ ॥ (947-11, ਰਾਮਕਲੀ, ਮਃ 3)

Through His creative power, He created and fashioned the mansions and hotels.

ਚੰਦੁ ਸੂਰਜੁ ਦੁਇ ਚਾਨਣੇ ; ਪੂਰੀ ਬਣਤ ਬਣਾਈ ॥ (947-12, ਰਾਮਕਲੀ, ਮਃ 3)

He made the two lamps, the sun and the moon; He formed the perfect form.

ਆਪੇ ਵੇਖੈ , ਸੁਣੇ ਆਪਿ ; ਗੁਰ ਸਬਦਿ ਧਿਆਈ ॥੧॥ (947-12, ਰਾਮਕਲੀ, ਮਃ 3)

He Himself sees, and He Himself hears; meditate on the Guru's Shabad (Gurbani). ||1||

ਵਾਹੁ ਵਾਹੁ ਸਚੇ ਪਾਤਿਸਾਹ ; ਤੂ ਸਚੀ ਨਾਈ ॥੧॥ਰਹਾਉ॥ (947-13,ਰਾਮਕਲੀ,ਮਃ 3)

(ਇਹ ਪੰਗਤੀ ਇਸ ਵਾਰ ਦੀ ਹਰੇਕ ਪਉੜੀ ਦੇ ਪਿਛੋਂ ਜ਼ਰੂਰ ਪੜ੍ਹਨੀ ਹੈ, this line should be repeated at the end of the Pauri of each shabad in this Vaar**)**

ਅਰਥ: ਹੇ ਸੱਚੇ ਪਾਤਸ਼ਾਹ ਤੂੰ ਧੰਨ ਹੈਂ। ਆਪ ਦੀ ਨਾਈ (ਵਡਿਆਈ) ਭੀ ਸੱਚੀ ਹੈ ॥੧॥

Waaho! Waaho! Hail, hail, O True King! True is Your Praises. ||1||Pause||

ਇਸ ਤੁਕ ਨੂੰ ਹਰ ਪੌੜੀ ਦੇ ਅਖੀਰ ਤੇ ਪੜ੍ਹਣ ਦੀ ਮਰਯਾਦਾ ਪੰਥ ਵਿਚ ਚਲੀ ਆ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੁਲ ਬਾਈ ਵਾਰਾਂ ਹਨ ॥ ਹੋਰ ਕਿਸੇ ਵਾਰ ਦੇ ਵਿੱਚ "ਰਹਾਉ" ਸਬਦ ਨਹੀਂ ਆਉਂਦਾ ਕੇਵਲ ਏਸੇ ਵਾਰ ਵਿੱਚ "ਰਹਾਉ" ਸ਼ਬਦ ਹੈ ਇਸ "ਰਹਾਉ" ਦਾ ਅਰਥ ਇਹ ਹੈ ਕਿ "ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥" ਵਾਲੀ ਤੁਕ ਨੂੰ ਹਰ ਇੱਕ ਪਉੜੀ ਨਾਲ ਬੀਜੀ ਜਾਣਾ ਅਰਥਾਤ ਪੜ੍ਹੀ ਜਾਣਾ ॥ ਕਿਉਂਕਿ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਜੀ ਦਾ ਹੁਕਮ ਹੈ ਕਿ ਜਿਵੇਂ ਜੋਧੇ ਵੀਰੇ ਦੀ ਛੇ ਤੁਕੀ ਪਉੜੀ ਗਾਇਣ ਕੀਤੀ ਜਾਂਦੀ ਹੈ ਉਸੇ ਤਰ੍ਹਾਂ ਇਸ ਰਾਮਕਲੀ ਵਾਰ ਦੀ ਪਉੜੀ ਦੀਆਂ ਛੇ ਤੁਕਾਂ ਗਾਇਣ ਕਰਨੀਆਂ ਚਾਹੀਦੀਆਂ ਹਨ ॥

Guru Hargobind Sahib Ji ordered that this line must be repeated so that it matches the six lines of the Jodha and Veera Purbani's tune. This is the only Vaar among the 22 in Sri Guru Granth Sahib Ji with 'Rahao'.

ਬਹੁਤ ਸਾਰੇ ਗ੍ਰੰਥ ਭੀ ਵੇਖੇ ਹਨ, ਜਿਨ੍ਹਾਂ ਵਿੱਚ ਏਹੀ ਲਿਖਿਆ ਹੋਇਆ ਹੈ ਕਿ "ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥" ਵਾਲੀ ਤੁਕ ਇੱਕ ਪਉੜੀ ਨਾਲ ਪੜ੍ਹਨੀ ਚਾਹੀਦੀ ਹੈ। ਕੁਝ ਗ੍ਰੰਥਾਂ ਦਾ ਵੇਰਵਾ ਇਸ ਪ੍ਰਕਾਰ ਹੈ।

੧. **ਭਾਈ ਕਾਨ੍ਹ ਸਿੰਘ 'ਨਾਭਾ' ਹੋਰਾਂ ਨੇ ਲਿਖਿਆ ਹੋਇਆ ਹੈ ਉਨ੍ਹਾਂ ਦੇ ਰਚਿਤ ਗੁਰ ਸਬਦ ਰਤਨਾਕਰ ਦਾ ੨੦੦੫ ਅਤੇ ੩੦੩੭ ਸਫਾ ਪੜ੍ਹਕੇ ਵੇਖੋ॥**
੨. **ਪੰਡਿਤ ਸੁਤੇ ਪ੍ਰਕਾਸ਼ ਜੀ ਦੇ ਪ੍ਰਿਆਵਾਂ ਦਾ ੧੧੦੫ ਸਫਾ ਪੜ੍ਹ ਕੇ ਵੇਖੋ॥**
੩. **ਫਰੀਦਕੋਟ ਵਾਲਾ ਜੋ ਵੱਡਾ ਟੀਕਾ ਹੈ, ਉਸਦੀ ਤੀਜੀ ਜਿਲਦ ਦਾ ੯੨੦ ਸਫਾ ਪੜ੍ਹਕੇ ਵੇਖੋ॥**
੪. **ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਕਲਮ ਦੇ ਲਿਖੇ ਹੋਏ ਬਾਣੀ ਬਿਉਰੇ ਦਾ ੮੭ ਸਫਾ ਪੜ੍ਹਕੇ ਵੇਖੋ॥**
੫. **ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਨੇ ਵੀ ਗੁਰਬਾਣੀ ਪਾਠ ਦਰਸ਼ਨ ਦੇ ੨੧੯ ਸਫੇ ਤੇ ਲਿਖਿਆ ਹੈ, ਕਿ ਦਸਵੇਂ ਗੁਰੂ ਸਾਹਿਬਾਂ ਦੀ ਆਗਿਆ ਹੈ "ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥" ਵਾਲੀ ਤੁਕ ਹਰ ਪਉੜੀ ਦੇ ਨਾਲ ਜਰੂਰ ਪੜ੍ਹਨੀ ਚਾਹੀਦੀ ਹੈ॥**
੬. **ਫਿਰ ਗਿਆਨੀ ਨਰੈਣ ਸਿੰਘ ਜੀ ਨੇ ਬਾਈ ਵਾਰਾਂ ਦੇ ਟੀਕੇ ਵਿੱਚ ਲਿਖਿਆ ਹੈ, ਕਿ ਇਹ ਤੁਕ ਜ਼ਰੂਰ ਪੜ੍ਹਨੀ ਚਾਹੀਦੀ ਹੈ, ਸਫਾ ਪ੩ਪ ਵੇਖੋ॥**
੭. **ਸੰਤ ਗੋਬਿੰਦ ਦਾਸ ਜੀ ਨੇ ਭੀ ਆਪਣੇ ਪ੍ਰਿਆਵਾਂ ਦੀ ਚੌਥੀ ਜਿਲਦ ਸਫਾ ੩੭੬ ਵਿੱਚ ਲਿਖਿਆ ਹੈ, ਕਿ ਇਹ ਤੁਕ ਜ਼ਰੂਰ ਪੜ੍ਹਨੀ ਚਾਹੀਦੀ ਹੈ॥**

ਸੰਤ ਅਮੀਰ ਸਿੰਘ ਜੀ ਜਿਨ੍ਹਾਂ ਨੇ ਆਪਣੀ ਸਾਰੀ ਉਮਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪ੍ਰਦਾਈ ਅਰਥਾਂ ਨੂੰ ਪੜ੍ਹਾਉਣ ਵਿੱਚ ਬਤੀਤ ਕੀਤੀ ਹੈ, ਉਨ੍ਹਾਂ ਨੇ ਆਪਣੀ ਉਮਰ ਵਿੱਚ ਅਰਥਾਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੬੦ ਭੋਗ ਪਾਏ ਹਨ॥ ਹਰ ਸਾਲ ਏਹੀ ਪੁਕਾਰ ਪੁਕਾਰ ਕੇ ਆਖਦੇ ਸਨ, ਹਰ ਮਾਈ ਭਾਈ ਸੱਜਨ ਅਗੇ ਬੇਨਤੀ ਹੈ, ਕਿ ਗੁਰੂ ਸਾਹਿਬ ਜੀ ਦੀ ਇਹ ਆਗਿਆ ਸੀਨੇ ਬਸੀਨੇ ਧੁਰ ਤੋਂ ਚਲੀ ਆ ਰਹੀ ਹੈ, ਕਿ– "ਵਾਹੁ ਵਾਹੁ ਸਚੇ ਪਾਤਿਸ਼ਾਹ ਤੂ ਸਚੀ ਨਾਈ ॥" ਵਾਲੀ ਤੁਕ ਇਸ ਵਾਰ ਵਿੱਚ ਸਭ ਪਉੜੀਆ ਨਾਲ ਪੜ੍ਹਨੀ, ਤਾਂ ਹੀ ਇਹ ਪਉੜੀ ਪੂਰੀ ਹੋਵੇਗੀ ॥ ਇਸ ਬੇਨਤੀ ਨੂੰ ਪ੍ਰਵਾਨ ਕਰਦਾ ਹੋਇਆ ਜੇਹੜਾ ਸੱਜਨ ਇੱਕ ਤੁਕ ਨੂੰ ਹਰ ਪੌੜੀ ਨਾਲ ਪੜ੍ਹੇਗਾ ਉਹ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪਰਾਪਤ ਕਰੇਗਾ॥

ਇਸ ਜਗ੍ਹਾਂ ਕਬੀਰ ਜੀ ਦੇ ਸਲੋਕ ਰੱਖਣ ਦਾ ਭਾਵ ਇਹ ਹੈ, ਕਿ ਗੁਰੂ ਸਾਹਿਬਾਂ ਨੇ ਆਪਣੀ ਬਾਣੀ ਦੇ ਨਾਲ ਭਗਤਾਂ ਦੀ ਬਾਣੀ ਅਭੇਦ ਰੂਪ ਵਿਖਾਈ ਹੈ:–

ਸਲੋਕੁ ॥ (947-13)

Salok:

ਕਬੀਰ ਮਹਿਦੀ ਕਰਿ ਕੈ ਘਾਲਿਆ ;
ਆਪੁ ਪੀਸਾਇ ਪੀਸਾਇ ॥ (947-13, ਰਾਮਕਲੀ, ਮਃ 3)

Kabir, I have ground myself into henna paste.

ਤੈ ਸਹ ਬਾਤ ਨ ਪੁਛੀਆ ;
ਕਬਹੂ ਨ ਲਾਈ ਪਾਇ ॥੧॥ (ਪਾਂਇ ਬੋਲੋ) (947-14, ਰਾਮਕਲੀ, ਮਃ 3)

O my Husband Master, You took no notice of me; You never applied me to Your feet. ||1||

ਮਃ ੩ ॥ (947-14)

Third Mahala:

ਨਾਨਕ , ਮਹਿਦੀ ਕਰਿ ਕੈ ਰਖਿਆ ;
ਸੋ ਸਹੁ ਨਦਰਿ ਕਰੇਇ ॥ (947-14, ਰਾਮਕਲੀ, ਮਃ 3)

Guru Nanak says, my Husband (Almighty) keeps me like henna paste; He blesses me with His Glance of Grace.

ਆਪੇ ਪੀਸੈ ਆਪੇ ਘਸੈ ; ਆਪੇ ਹੀ ਲਾਇ ਲਏਇ ॥ (947-15, ਰਾਮਕਲੀ, ਮਃ 3)

He Himself grinds me, and He Himself rubs me; He Himself applies me to His feet.

ਇਹੁ ਪਿਰਮ ਪਿਆਲਾ ਖਸਮ ਕਾ ;
ਜੈ ਭਾਵੈ ਤੈ ਦੇਇ ॥੨॥ (947-15, ਰਾਮਕਲੀ, ਮਃ 3)

This is the cup of love of my Master; He gives it as He chooses. ||2||

ਪਉੜੀ ॥ (947-16)

Pauree:

ਵੇਕੀ ਸ੍ਰਿਸਟਿ ਉਪਾਈਅਨੁ ;
ਸਭ ਹੁਕਮਿ , ਆਵੈ ਜਾਇ ਸਮਾਹੀ ॥ (947-16, ਰਾਮਕਲੀ, ਮਃ 3)

You created the world with its variety; by the Your Command, it comes, goes, and merges again in You.

ਆਪੇ ਵੇਖਿ ਵਿਗਸਦਾ ; ਦੂਜਾ ਕੋ ਨਾਹੀ ॥ (947-17, ਰਾਮਕਲੀ, ਮਃ 3)

You Yourself see, and blossom forth; there is no one else at all.

ਜਿਉ ਭਾਵੈ , ਤਿਉ ਰਖੁ ਤੂ ; ਗੁਰ ਸਬਦਿ ਬੁਝਾਹੀ ॥ (947-17, ਰਾਮਕਲੀ, ਮਃ 3)

As it pleases You, You keep me. Through the Guru's Shabad (Gurbani), I understand You.

ਸਭਨਾ ਤੇਰਾ ਜੋਰੁ ਹੈ ; ਜਿਉ ਭਾਵੈ ਤਿਵੈ ਚਲਾਹੀ ॥ (947-17, ਰਾਮਕਲੀ, ਮਃ 3)

You are the strength of all. As it pleases You, You lead us on.

ਤੁਧੁ ਜੇਵਡ ਮੈ ਨਾਹਿ ਕੋ ; ਕਿਸੁ ਆਖਿ ਸੁਣਾਈ ॥੨॥ (947-18, ਰਾਮਕਲੀ, ਮਃ 3)

There is no other as great as You; unto whom should I speak and talk? ||2||

ਵਾਹੁ ਵਾਹੁ ਸਚੇ ਪਾਤਿਸਾਹ ; ਤੂ ਸਚੀ ਨਾਈ ॥
(ਇਹ ਪੰਗਤੀ ਭਾਂਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਏਥੇ ਨਹੀਂ ਲਿਖੀ ਪਰ ਗੁਰੂ ਸਾਹਿਬ ਦੀ ਚਲਾਈ ਮਰਯਾਦਾ ਅਨੁਸਾਰ ਏਸ ਵਾਰ ਦੀ ਹਰੇਕ ਪਉੜੀ ਦੇ ਪਿਛੋਂ ਜ਼ਰੂਰ ਪੜ੍ਹਨੀ ਹੈ)

ਸਲੋਕੁ , ਮਃ ੩ ॥ (947-18)

Salok, Third Mahala:

ਭਰਮਿ ਭੁਲਾਈ ਸਭੁ ਜਗੁ ਫਿਰੀ ; ਫਾਵੀ ਹੋਈ ਭਾਲਿ ॥ (947-18, ਰਾਮਕਲੀ, ਮਃ 3)

Deluded by doubt, I wandered over the whole world. Searching, I became frustrated.

ਸੋ ਸਹੁ ਸਾਂਤਿ ਨ ਦੇਵਈ ; ਕਿਆ ਚਲੈ ਤਿਸੁ ਨਾਲਿ ॥ (948-1, ਰਾਮਕਲੀ, ਮਃ 3)

My Husband (Almighty) has not blessed me with peace and tranquility; what will work with Him?

ਗੁਰਪਰਸਾਦੀ , ਹਰਿ ਧਿਆਈਐ ;
ਅੰਤਰਿ ਰਖੀਐ ਉਰ ਧਾਰਿ ॥ (948-1, ਰਾਮਕਲੀ, ਮਃ 3)

By Guru's Grace, I meditate on Almighty; I enshrine Him deep within my heart.

ਨਾਨਕ , ਘਰਿ ਬੈਠਿਆ ਸਹੁ ਪਾਇਆ ;
ਜਾ ਕਿਰਪਾ ਕੀਤੀ ਕਰਤਾਰਿ ॥੧॥ (948-2, ਰਾਮਕਲੀ, ਮਃ 3)

Guru Nanak says, seated in his her own home, she finds her Husband Master, when the Creator Master grants His Grace. ||1||

ਮਃ ੩ ॥ (948-3)

Third Mahala:

ਧੰਧਾ ਧਾਵਤ ਦਿਨੁ ਗਇਆ ; ਰੈਣਿ ਗਵਾਈ ਸੋਇ ॥ (948-3, ਰਾਮਕਲੀ, ਮਃ 3)

Chasing after worldly affairs, the day is wasted, and the night passes in sleep.

ਕੂੜੁ ਬੋਲਿ ਬਿਖੁ ਖਾਇਆ ; ਮਨਮੁਖਿ ਚਲਿਆ ਰੋਇ ॥ (948-3, ਰਾਮਕਲੀ, ਮਃ 3)

Speaking lies, one eats poison; the self-willed manmukh departs, crying out in pain.

ਸਿਰੈ ਉਪਰਿ ਜਮ ਡੰਡੁ ਹੈ ; ਦੂਜੈ ਭਾਇ ਪਤਿ ਖੋਇ ॥ (948-4, ਰਾਮਕਲੀ, ਮਃ 3)

The Mesenger of Death holds his club over the mortal's head; in the love of duality, he loses his honor.

ਹਰਿ ਨਾਮੁ ਕਦੇ ਨ ਚੇਤਿਓ ;
ਫਿਰਿ ਆਵਣ ਜਾਣਾ ਹੋਇ ॥ (948-4, ਰਾਮਕਲੀ, ਮਃ 3)

He never even thinks of Almighty's Name; over and over again, he comes and goes in reincarnation.

ਗੁਰਪਰਸਾਦੀ , ਹਰਿ ਮਨਿ ਵਸੈ ;
ਜਮ ਡੰਡੁ ਨ ਲਾਗੈ ਕੋਇ ॥ (948-5, ਰਾਮਕਲੀ, ਮਃ 3)

But if, by Guru's Grace, Almighty's Name comes to dwell in his mind, then the Messenger of Death will not strike him down with his club.

ਨਾਨਕ , ਸਹਜੇ ਮਿਲਿ ਰਹੈ ;
ਕਰਮਿ ਪਰਾਪਤਿ ਹੋਇ ॥੨॥ (948-5, ਰਾਮਕਲੀ, ਮਃ 3)

Then, Guru Nanak says, he merges intuitively into Almighty, receiving His Grace. ||2||

ਪਉੜੀ ॥ (948-6)

Pauree:

ਇਕਿ ਆਪਣੀ ਸਿਫਤੀ ਲਾਇਅਨੁ ;
ਦੇ ਸਤਿਗੁਰ ਮਤੀ ॥ (ਮੱਤੀ ਬੋਲੋ) (948-6, ਰਾਮਕਲੀ, ਮਃ 3)

Some are linked to His Praises, when Almighty blesses them with the Guru's Teachings.

ਇਕਨਾ ਨੋ ਨਾਉ ਬਖਸਿਓਨੁ ;
ਅਸਥਿਰੁ ਹਰਿ ਸਤੀ ॥ (ਸੱਤੀ ਬੋਲੋ) (948-6, ਰਾਮਕਲੀ, ਮਃ 3)

Some are blessed with the Name of the eternal, unchanging True Lord.

ਪਉਣੁ ਪਾਣੀ ਬੈਸੰਤਰੋ ; ਹੁਕਮਿ ਕਰਹਿ ਭਗਤੀ ॥ (948-7, ਰਾਮਕਲੀ, ਮਃ 3)

Water, air and fire, by His Will, worship Him.

ਏਨਾ ਨੋ ਭਉ ਅਗਲਾ ;
ਪੂਰੀ ਬਣਤ ਬਣਤੀ ॥ (ਬਣੱਤੀ ਬੋਲੋ) (948-7, ਰਾਮਕਲੀ, ਮਃ 3)

They are held in the Fear of Almighty; He has formed the perfect form.

ਸਭੁ ਇਕੋ ਹੁਕਮੁ ਵਰਤਦਾ ; ਮੰਨਿਐ ਸੁਖੁ ਪਾਈ ॥੩॥ (948-7, ਰਾਮਕਲੀ, ਮਃ 3)

The Command of the One Master is all-pervasive; accepting it, peace is found. ||3||

ਵਾਹੁ ਵਾਹੁ ਸਚੇ ਪਾਤਿਸਾਹ ; ਤੂ ਸਚੀ ਨਾਈ ॥

(ਇਹ ਪੰਗਤੀ ਭਾਂਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਏਥੇ ਨਹੀਂ ਲਿਖੀ ਪਰ ਗੁਰੂ ਸਾਹਿਬ ਦੀ ਚਲਾਈ ਮਰਯਾਦਾ ਅਨੁਸਾਰ ਏਸ ਵਾਰ ਦੀ ਹਰੇਕ ਪਉੜੀ ਦੇ ਪਿਛੋਂ ਜ਼ਰੂਰ ਪੜ੍ਹਨੀ ਹੈ)

ਸਲੋਕੁ ॥ (948-8)

Salok:

ਕਬੀਰ ਕਸਉਟੀ ਰਾਮ ਕੀ ; ਝੂਠਾ ਟਿਕੈ ਨ ਕੋਇ ॥ (948-8, ਰਾਮਕਲੀ, ਕਬੀਰ)

Kabir, such is the touchstone of Almighty; the false cannot stay it.

ਰਾਮ ਕਸਉਟੀ ਸੋ ਸਹੈ ; ਜੋ ਮਰਜੀਵਾ ਹੋਇ ॥੧॥ (948-8, ਰਾਮਕਲੀ, ਕਬੀਰ)

He alone passes this test of Almighty, who remains dead while yet alive. ||1||

ਮਃ ੩ ॥ (948-9)

Third Mahala:

**ਕਿਉ ਕਰਿ ਇਹੁ ਮਨੁ ਮਾਰੀਐ ;
ਕਿਉ ਕਰਿ ਮਿਰਤਕੁ ਹੋਇ ॥** (948-9, ਰਾਮਕਲੀ, ਮਃ 3)

How can this mind be conquered? How can it die?

ਕਹਿਆ ਸਬਦੁ ਨ ਮਾਨਈ ; ਹਉਮੈ ਛਡੈ ਨ ਕੋਇ ॥ (948-10, ਰਾਮਕਲੀ, ਮਃ 3)

If one does not accept the Guru's Shabad (Gurbani), egotism does not depart.

ਗੁਰਪਰਸਾਦੀ , ਹਉਮੈ ਛੁਟੈ ; ਜੀਵਨ ਮੁਕਤੁ ਸੋ ਹੋਇ ॥ (948-10, ਰਾਮਕਲੀ, ਮਃ 3)

By Guru's Grace, egotism is eradicated, and then, one attains Jivan Mukt - liberated while yet alive.

**ਨਾਨਕ , ਜਿਸ ਨੋ ਬਖਸੇ ਤਿਸੁ ਮਿਲੈ ;
ਤਿਸੁ ਬਿਘਨੁ ਨ ਲਾਗੈ ਕੋਇ ॥੨॥** (948-10, ਰਾਮਕਲੀ, ਮਃ 3)

Guru Nanak says, one whom Almighty forgives is united with Him, and then no obstacles block his way. ||2||

ਮਃ ੩ ॥ (948-11)

Third Mahala:

**ਜੀਵਤ ਮਰਣਾ ਸਭੁ ਕੋ ਕਹੈ ;
ਜੀਵਨ ਮੁਕਤਿ ਕਿਉ ਹੋਇ ॥** (948-11, ਰਾਮਕਲੀ, ਮਃ 3)

Everyone can say that they are dead while yet alive; how can they be liberated while yet alive?

ਭੈ ਕਾ ਸੰਜਮੁ ਜੇ ਕਰੇ ; ਦਾਰੂ ਭਾਉ ਲਾਏਇ ॥ (948-12, ਰਾਮਕਲੀ, ਮਃ 3)

If someone restrains himself through the Fear of Almighty, and takes the medicine of the Love of Almighty,

ਅਨਦਿਨੁ ਗੁਣ ਗਾਵੈ ਸੁਖ ਸਹਜੇ ;
ਬਿਖੁ ਭਵਜਲੁ ਨਾਮਿ ਤਰੇਇ ॥ (948-12, ਰਾਮਕਲੀ, ਮਃ 3)

night and day, he sings the Praises of Almighty's Virtues. In celestial peace and poise, he crosses over the poisonous, terrifying worldly ocean, through the Naam, Almighty's Name.

ਨਾਨਕ ਗੁਰਮੁਖਿ ਪਾਈਐ ;
ਜਾ ਕਉ ਨਦਰਿ ਕਰੇਇ ॥੩॥ (948-13, ਰਾਮਕਲੀ, ਮਃ 3)

Guru Nanak says, the Gurmukh finds Almighty; he is blessed with His Glance of Grace. ||3||

ਪਉੜੀ ॥ (948-13)

Pauree:

ਦੂਜਾ ਭਾਉ ਰਚਾਇਓਨੁ ; ਤ੍ਰੈ ਗੁਣ ਵਰਤਾਰਾ ॥ (948-13, ਰਾਮਕਲੀ, ਮਃ 3)

Almighty created the love of duality, and the three characteristics of Maya (Raj, Tam &Sat) which pervade the universe.

ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ;
ਹੁਕਮਿ ਕਮਾਵਨਿ ਕਾਰਾ ॥ (948-14, ਰਾਮਕਲੀ, ਮਃ 3)

He created Brahma, Vishnu and Shiva, who act according to His Will.

ਪੰਡਿਤ ਪੜਦੇ ਜੋਤਕੀ ; ਨਾ ਬੂਝਹਿ ਬੀਚਾਰਾ ॥ (948-14, ਰਾਮਕਲੀ, ਮਃ 3)

The Pandits, the religious scholars, and the astrologers study their books, but they do not understand contemplation.

ਸਭੁ ਕਿਛੁ ਤੇਰਾ ਖੇਲੁ ਹੈ ;
ਸਚੁ ਸਿਰਜਣਹਾਰਾ ॥ (ਸਿਰਜਣ-ਹਾਰਾ ਬੋਲੋ) (948-15, ਰਾਮਕਲੀ, ਮਃ 3)

Everything is Your play, O True Creator Master.

ਜਿਸੁ ਭਾਵੈ , ਤਿਸੁ ਬਖਸਿ ਲੈਹਿ ;
ਸਚਿ ਸਬਦਿ ਸਮਾਈ ॥੪॥ (948-15, ਰਾਮਕਲੀ, ਮਃ 3)

As it pleases You, You bless us with forgiveness, and merge us in the True Guru's Shabad (Gurbani). ||4||

ਵਾਹੁ ਵਾਹੁ ਸਚੇ ਪਾਤਿਸਾਹ ; ਤੂ ਸਚੀ ਨਾਈ ॥
(ਇਹ ਪੰਗਤੀ ਭਾਂਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਏਥੇ ਨਹੀਂ ਲਿਖੀ ਪਰ ਗੁਰੂ ਸਾਹਿਬ ਦੀ ਚਲਾਈ ਮਰਯਾਦਾ ਅਨੁਸਾਰ ਏਸ ਵਾਰ ਦੀ ਹਰੇਕ ਪਉੜੀ ਦੇ ਪਿਛੋਂ ਜ਼ਰੂਰ ਪੜ੍ਹਨੀ ਹੈ)

ਸਲੋਕੁ , ਮਃ ੩ ॥ (948-16)
Salok, Third Mahala:

ਮਨ ਕਾ ਝੂਠਾ ; ਝੂਠੁ ਕਮਾਵੈ ॥ (948-16, ਰਾਮਕਲੀ, ਮਃ 3)
The man of false mind practices falsehood.

ਮਾਇਆ ਨੋ ਫਿਰੈ ; ਤਪਾ ਸਦਾਵੈ ॥ (948-16, ਰਾਮਕਲੀ, ਮਃ 3)
He runs after Maya, and yet pretends to be a man of disciplined meditation.

ਭਰਮੇ ਭੂਲਾ ; ਸਭਿ ਤੀਰਥ ਗਹੈ ॥ (948-16, ਰਾਮਕਲੀ, ਮਃ 3)
Deluded by illusion, he visits all the sacred shrines of pilgrimage.

ਓਹੁ ਤਪਾ ; ਕੈਸੇ ਪਰਮ ਗਤਿ ਲਹੈ ॥ (948-17, ਰਾਮਕਲੀ, ਮਃ 3)
How can such a man of disciplined meditation attain the supreme status?

ਗੁਰਪਰਸਾਦੀ ; ਕੋ ਸਚੁ ਕਮਾਵੈ ॥ (948-17, ਰਾਮਕਲੀ, ਮਃ 3)
By Guru's Grace, one lives the Truth.

ਨਾਨਕ , ਸੋ ਤਪਾ ; ਮੋਖੰਤਰੁ ਪਾਵੈ ॥੧॥ (948-17, ਰਾਮਕਲੀ, ਮਃ 3)
Guru Nanak says, such a man of disciplined meditation attains liberation. ||1||

ਮਃ ੩ ॥ (948-18)
Third Mahala:

ਸੋ ਤਪਾ ; ਜਿ ਇਹੁ ਤਪੁ ਘਾਲੇ ॥ (948-18, ਰਾਮਕਲੀ, ਮਃ 3)
He alone is a man of disciplined meditation, who practices this self-discipline.

ਸਤਿਗੁਰ ਨੋ ਮਿਲੈ ; ਸਬਦੁ ਸਮਾਲੇ ॥ (948-18, ਰਾਮਕਲੀ, ਮਃ 3)
Meeting with the True Guru, he contemplates the Guru's Shabad (Gurbani).

ਸਤਿਗੁਰ ਕੀ ਸੇਵਾ ; ਇਹੁ ਤਪੁ ਪਰਵਾਣੁ ॥ (948-18, ਰਾਮਕਲੀ, ਮਃ 3)
Serving the True Guru - this is the only acceptable disciplined meditation.

ਨਾਨਕ ਸੋ ਤਪਾ ; ਦਰਗਹਿ ਪਾਵੈ ਮਾਣੁ ॥੨॥ (948-19, ਰਾਮਕਲੀ, ਮਃ 3)

Guru Nanak says, such a man of disciplined meditation is honored in the Court of Almighty. ||2||

ਪਉੜੀ ॥ (948-19)

Pauree:

ਰਾਤਿ ਦਿਨਸੁ ਉਪਾਇਅਨੁ ; ਸੰਸਾਰਕੀ ਵਰਤਣਿ ॥ (948-19, ਰਾਮਕਲੀ, ਮਃ 3)

He created the night and the day, for the activities of the world.

ਗੁਰਮਤੀ ਘਟਿ ਚਾਨਣਾ ; ਆਨੇਰੁ ਬਿਨਾਸਣਿ ॥(ਆਨ੍ਹੇਰੁ ਬੋਲੋ)(949-1, ਰਾਮਕਲੀ, ਮਃ 3)

Following the Guru's Teachings, one's heart is illumined, and the darkness is dispelled.

ਹੁਕਮੇ ਹੀ ਸਭ ਸਾਜੀਅਨੁ ; ਰਵਿਆ ਸਭ ਵਣਿ ਤ੍ਰਿਣਿ ॥ (949-1, ਰਾਮਕਲੀ, ਮਃ 3)

By His Command, He creates everything; He pervades and permeates all the woods and meadows.

ਸਭੁ ਕਿਛੁ ਆਪੇ ਆਪਿ ਹੈ ; ਗੁਰਮੁਖਿ ਸਦਾ ਹਰਿ ਭਣਿ ॥ (949-2, ਰਾਮਕਲੀ, ਮਃ 3)

He Himself is everything; the Gurmukh constantly chants Almighty's Name.

ਸਬਦੇ ਹੀ ਸੋਝੀ ਪਈ ; ਸਚੈ ਆਪਿ ਬੁਝਾਈ ॥੫॥ (949-2, ਰਾਮਕਲੀ, ਮਃ 3)

Through the Shabad, understanding comes; the True Master Himself inspires us to understand. ||5||

ਵਾਹੁ ਵਾਹੁ ਸਚੇ ਪਾਤਿਸਾਹ ; ਤੂ ਸਚੀ ਨਾਈ ॥
(ਇਹ ਪੰਗਤੀ ਭਾਂਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਏਥੇ ਨਹੀਂ ਲਿਖੀ ਪਰ ਗੁਰੂ ਸਾਹਿਬ ਦੀ ਚਲਾਈ ਮਰਯਾਦਾ ਅਨੁਸਾਰ ਏਸ ਵਾਰ ਦੀ ਹਰੇਕ ਪਉੜੀ ਦੇ ਪਿਛੋਂ ਜ਼ਰੂਰ ਪੜ੍ਹਨੀ ਹੈ)

ਸਲੋਕ , ਮਃ ੩ ॥ (949-3)

Salok, Third Mahala:

Prologue: Guru Amar Das Ji uttered the following Shabad while blessing sermons to Mai Das Vairagi (Please refer to Life of Guru Amar Das Ji published by SGGS Academy)

ਅਭਿਆਗਤ ਏਹਿ ਨ ਆਖੀਅਨਿ ; (ਅਭਿਆ-ਗਤ ਬੋਲੋ)
ਜਿਨ ਕੇ ਚਿਤ ਮਹਿ ਭਰਮੁ ॥ (949-3, ਰਾਮਕਲੀ, ਮਃ 3)
He is not called a renunciate, whose consciousness is filled with illusion.

ਤਿਸ ਦੈ ਦਿਤੈ ਨਾਨਕਾ ; ਤੇਹੋ ਜੇਹਾ ਧਰਮੁ ॥ (949-3, ਰਾਮਕਲੀ, ਮਃ 3)
Donations to him bring proportionate rewards.

ਅਭੈ ਨਿਰੰਜਨੁ ਪਰਮਪਦੁ ; ਤਾ ਕਾ ਭੂਖਾ ਹੋਇ ॥ (949-4, ਰਾਮਕਲੀ, ਮਃ 3)
He hungers for the supreme status of the Fearless, Pure Lord;

ਤਿਸ ਕਾ ਭੋਜਨੁ ਨਾਨਕਾ ; ਵਿਰਲਾ ਪਾਏ ਕੋਇ ॥੧॥ (949-4, ਰਾਮਕਲੀ, ਮਃ 3)
Guru Nanak says, how rare are those who offer him this food. ||1||

ਮਃ ੩ ॥ (949-5)
Third Mahala:

ਅਭਿਆਗਤ ਏਹਿ ਨ ਆਖੀਅਨਿ ; (ਅਭਿਆ-ਗਤ ਬੋਲੋ)
ਜਿ ਪਰ ਘਰਿ ਭੋਜਨੁ ਕਰੇਨਿ ॥ (949-5, ਰਾਮਕਲੀ, ਮਃ 3)
They are not called renunciates, who take food in the homes of others.

ਉਦਰੈ ਕਾਰਣਿ ਆਪਣੇ ; ਬਹਲੇ ਭੇਖ ਕਰੇਨਿ ॥ (949-5, ਰਾਮਕਲੀ, ਮਃ 3)
For the sake of their bellies, they wear various religious robes.

ਅਭਿਆਗਤ ਸੇਈ ਨਾਨਕਾ ; (ਅਭਿਆ-ਗਤ ਬੋਲੋ)
ਜਿ ਆਤਮ ਗਉਣੁ ਕਰੇਨਿ ॥ (949-6, ਰਾਮਕਲੀ, ਮਃ 3)
They alone are renunciates, Guru Nanak says, who enter into their own souls.

ਭਾਲਿ ਲਹਨਿ ਸਹੁ ਆਪਣਾ ;
ਨਿਜ ਘਰਿ ਰਹਣੁ ਕਰੇਨਿ ॥੨॥ (949-6, ਰਾਮਕਲੀ, ਮਃ 3)
They seek and find their Husband (Master); they dwell within the home of their own inner self. ||2||

ਪਉੜੀ ॥ (949-7)
Pauree:

ਅੰਬਰੁ ਧਰਤਿ ਵਿਛੋੜਿਅਨੁ ; ਵਿਚਿ ਸਚਾ ਅਸਰਾਉ ॥ (949-7, ਰਾਮਕਲੀ, ਮਃ 3)

They sky and the earth are separate, but the True Master supports them from within.

ਘਰੁ ਦਰੁ ਸਭੋ ਸਚੁ ਹੈ ; ਜਿਸੁ ਵਿਚਿ ਸਚਾ ਨਾਉ ॥ (949-7, ਰਾਮਕਲੀ, ਮਃ 3)

True are all those homes and gates, within which the True Name is enshrined.

ਸਭੁ ਸਚਾ ਹੁਕਮੁ ਵਰਤਦਾ ; ਗੁਰਮੁਖਿ ਸਚਿ ਸਮਾਉ ॥ (949-8, ਰਾਮਕਲੀ, ਮਃ 3)

The True Almighty's Command is effective everywhere. The Gurmukh merges in the True Master.

ਸਚਾ ਆਪਿ ਤਖਤੁ ਸਚਾ ; ਬਹਿ ਸਚਾ ਕਰੇ ਨਿਆਉ ॥ (949-8, ਰਾਮਕਲੀ, ਮਃ 3)

He Himself is True, and True is His throne. Seated upon it, He administers true justice.

ਸਭੁ ਸਚੋ ਸਚੁ ਵਰਤਦਾ ;
ਗੁਰਮੁਖਿ ਅਲਖੁ ਲਖਾਈ ॥੬॥ (ਅਲੱਖੁ ਬੋਲੋ) (949-9, ਰਾਮਕਲੀ, ਮਃ 3)

The Truest of the True is all-pervading everywhere; the Gurmukh sees the unseen. ||6||

ਵਾਹੁ ਵਾਹੁ ਸਚੇ ਪਾਤਿਸਾਹ ; ਤੂ ਸਚੀ ਨਾਈ ॥
(ਇਹ ਪੰਗਤੀ ਭਾਂਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਏਥੇ ਨਹੀਂ ਲਿਖੀ ਪਰ ਗੁਰੂ ਸਾਹਿਬ ਦੀ ਚਲਾਈ ਮਰਯਾਦਾ ਅਨੁਸਾਰ ਏਸ ਵਾਰ ਦੀ ਹਰੇਕ ਪਉੜੀ ਦੇ ਪਿਛੋਂ ਜ਼ਰੂਰ ਪੜ੍ਹਨੀ ਹੈ)

ਸਲੋਕੁ , ਮਃ ੩ ॥ (949-9)

Salok, Third Mahala:

ਰੈਣਾਇਰ ਮਾਹਿ ਅਨੰਤੁ ਹੈ ; ਕੂੜੀ ਆਵੈ ਜਾਇ ॥ (949-9, ਰਾਮਕਲੀ, ਮਃ 3)

In the worldly ocean, the Infinite Master abides. The false come and go in reincarnation.

ਭਾਣੈ ਚਲੈ ਆਪਣੈ ; ਬਹੁਤੀ ਲਹੈ ਸਜਾਇ ॥ (949-10, ਰਾਮਕਲੀ, ਮਃ 3)

One who walks according to his own will, suffers terrible punishment.

ਰੈਣਾਇਰ ਮਹਿ ਸਭੁ ਕਿਛੁ ਹੈ ;
ਕਰਮੀ ਪਲੈ ਪਾਇ ॥ (ਪੱਲੈ ਬੋਲੋ) (949-10, ਰਾਮਕਲੀ, ਮਃ 3)

All things are in the worldly ocean, but they are obtained only by the good deeds.

ਨਾਨਕ , ਨਉ ਨਿਧਿ ਪਾਈਐ ;
ਜੇ ਚਲੈ ਤਿਸੈ ਰਜਾਇ ॥੧॥ (949-11, ਰਾਮਕਲੀ, ਮਃ 3)

Guru Nanak says, he alone obtains the nine treasures, who walks in the Will of Almighty. ||1||

ਮਃ ੩ ॥ (949-11)

Third Mahala:

ਸਹਜੇ ਸਤਿਗੁਰੁ ਨ ਸੇਵਿਓ ;
ਵਿਚਿ ਹਉਮੈ ਜਨਮਿ ਬਿਨਾਸੁ ॥ (949-11, ਰਾਮਕਲੀ, ਮਃ 3)

One who do not remembers the True Guru as a part of the life activity, loses his life in egotism.

ਰਸਨਾ , ਹਰਿ ਰਸੁ ਨ ਚਖਿਓ ;
ਕਮਲੁ ਨ ਹੋਇਓ ਪਰਗਾਸੁ ॥ (949-12, ਰਾਮਕਲੀ, ਮਃ 3)

His tongue does not taste the sublime essence of Almighty, and his heart-lotus does not blossom forth.

ਬਿਖੁ ਖਾਧੀ , ਮਨਮੁਖੁ ਮੁਆ ;
ਮਾਇਆ ਮੋਹਿ ਵਿਣਾਸੁ ॥ (949-12, ਰਾਮਕਲੀ, ਮਃ 3)

The self-willed manmukh eats poison of ego and dies from the sense of living; he is ruined by love and attachment to Maya.

ਇਕਸੁ ਹਰਿ ਕੇ ਨਾਮ ਵਿਣੁ ;
ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥ (949-13, ਰਾਮਕਲੀ, ਮਃ 3)

Without the Name of the One Almighty, his life is cursed, and his home is cursed as well.

ਜਾ ਆਪੇ ਨਦਰਿ ਕਰੇ ਪ੍ਰਭੁ ਸਚਾ ;
ਤਾ ਹੋਵੈ ਦਾਸਨਿ ਦਾਸੁ ॥ (949-13, ਰਾਮਕਲੀ, ਮਃ 3)

When Almighty Himself bestows His Glance of Grace, then one becomes the slave of His slaves.

ਤਾ ਅਨਦਿਨੁ ਸੇਵਾ ਕਰੇ ਸਤਿਗੁਰੂ ਕੀ ;
ਕਬਹਿ ਨ ਛੋਡੈ ਪਾਸੁ ॥ (949-14, ਰਾਮਕਲੀ, ਮਃ 3)

And then, night and day, he serves the True Guru, and never leaves His side.

ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ; (ਅ-ਲਿਪਤੋ ਬੋਲੋ)
ਤਿਉ ਵਿਚੇ ਗਿਰਹ ਉਦਾਸੁ ॥ (949-14, ਰਾਮਕਲੀ, ਮਃ 3)

As the lotus flower floats unaffected in the water, so does he remain detached with his/her worldly possessions.

ਜਨ ਨਾਨਕ , ਕਰੇ ਕਰਾਇਆ ਸਭੁ ਕੋ ;
ਜਿਉ ਭਾਵੈ ਤਿਵ ਹਰਿ ਗੁਣਤਾਸੁ ॥੨॥ (ਗੁਣ-ਤਾਸੁ ਬੋਲੋ) (949-15, ਰਾਮਕਲੀ, ਮਃ 3)

O servant Nanak, Almighty acts, and inspires everyone to act, according to the Pleasure of His Will. He is the treasure of virtue. ||2||

ਪਉੜੀ ॥ (949-16)

Pauree:

ਛਤੀਹ ਜੁਗ ਗੁਬਾਰੁ ਸਾ ; ਆਪੇ ਗਣਤ ਕੀਨੀ ॥ (949-16, ਰਾਮਕਲੀ, ਮਃ 3)

For thirty-six ages (38,880,000 years), there was utter darkness. Then, Almighty revealed Himself.

ਆਪੇ ਸ੍ਰਿਸਟਿ ਸਭ ਸਾਜੀਅਨੁ ; ਆਪਿ ਮਤਿ ਦੀਨੀ ॥ (949-16, ਰਾਮਕਲੀ, ਮਃ 3)

He Himself created the entire universe. He Himself blessed it with understanding.

ਸਿਮ੍ਰਿਤਿ ਸਾਸਤ ਸਾਜਿਅਨੁ ;
ਪਾਪ ਪੁੰਨ ਗਣਤ ਗਣੀਨੀ ॥ (949-17, ਰਾਮਕਲੀ, ਮਃ 3)

He created the Simritees and the Shaastras; He calculates the accounts of virtue and vice.

ਜਿਸੁ ਬੁਝਾਏ ਸੋ ਬੁਝਸੀ ; ਸਚੈ ਸਬਦਿ ਪਤੀਨੀ ॥ (949-17, ਰਾਮਕਲੀ, ਮਃ 3)

He alone understands, whom Almighty inspires to understand and to be pleased with the True Guru's Shabad (Gurbani).

ਸਭੁ ਆਪੇ ਆਪਿ ਵਰਤਦਾ ;
ਆਪੇ ਬਖਸਿ ਮਿਲਾਈ ॥੭॥ (949-18, ਰਾਮਕਲੀ, ਮਃ 3)

He Himself is all-pervading; He Himself forgives, and unites with Himself. ||7||

ਵਾਹੁ ਵਾਹੁ ਸਚੇ ਪਾਤਿਸਾਹ ; ਤੂ ਸਚੀ ਨਾਈ ॥
(ਇਹ ਪੰਗਤੀ ਭਾਂਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਏਥੇ ਨਹੀਂ ਲਿਖੀ ਪਰ ਗੁਰੂ ਸਾਹਿਬ ਦੀ ਚਲਾਈ ਮਰਯਾਦਾ ਅਨੁਸਾਰ ਏਸ ਵਾਰ ਦੀ ਹਰੇਕ ਪਉੜੀ ਦੇ ਪਿਛੋਂ ਜ਼ਰੂਰ ਪੜ੍ਹਨੀ ਹੈ)

ਸਲੋਕ , ਮਃ ੩ ॥ (949-18)

Salok, Third Mahala:

ਇਹੁ ਤਨੁ ਸਭੋ ਰਤੁ ਹੈ ; ਰਤੁ ਬਿਨੁ ਤੰਨੁ ਨ ਹੋਇ ॥ (949-18, ਰਾਮਕਲੀ, ਮਃ 3)

This body is all blood; without blood, the body cannot exist.

ਜੋ ਸਹਿ ਰਤੇ ਆਪਣੈ ; **(ਰੱਤੇ ਬੋਲੋ)**
ਤਿਨ ਤਨਿ ਲੋਭ ਰਤੁ ਨ ਹੋਇ ॥ (949-19, ਰਾਮਕਲੀ, ਮਃ 3)

Those who are attuned to their Master, their bodies are not filled with the blood of greed.

ਭੈ ਪਇਐ ਤਨੁ ਖੀਣੁ ਹੋਇ ; ਲੋਭ ਰਤੁ ਵਿਚਹੁ ਜਾਇ ॥ (949-19, ਰਾਮਕਲੀ, ਮਃ 3)

In the Fear of Almighty, the body becomes thin, and the blood of greed passes out of the body.

ਜਿਉ ਬੈਸੰਤਰਿ ਧਾਤੁ ਸੁਧੁ ਹੋਇ ;
ਤਿਉ ਹਰਿ ਕਾ ਭਉ , ਦੁਰਮਤਿ ਮੈਲੁ ਗਵਾਇ ॥ (950-1, ਰਾਮਕਲੀ, ਮਃ 3)

As fire purifies metal, so does the Fear (sense of respect) of Almighty eradicate the filth of evil-mindedness.

ਨਾਨਕ , ਤੇ ਜਨ ਸੋਹਣੇ ;
ਜੋ ਰਤੇ ਹਰਿ ਰੰਗੁ ਲਾਇ ॥੧॥ (ਰੱਤੇ ਬੋਲੋ) (950-2, ਰਾਮਕਲੀ, ਮਃ 3)

Guru Nanak says, beautiful are those humble beings, who are imbued with Almighty's Love. ||1||

ਮਃ ੩ ॥ (950-2)

Third Mahala:

ਰਾਮਕਲੀ , ਰਾਮੁ ਮਨਿ ਵਸਿਆ ;
ਤਾ ਬਨਿਆ ਸੀਗਾਰੁ ॥ (950-2, ਰਾਮਕਲੀ, ਮਃ 3)

In Ramkali, I have enshrined Almighty in my mind; thus I have been embellished.

ਗੁਰ ਕੈ ਸਬਦਿ ਕਮਲੁ ਬਿਗਸਿਆ ;
ਤਾ ਸਉਪਿਆ ਭਗਤਿ ਭੰਡਾਰੁ ॥ (950-3, ਰਾਮਕਲੀ, ਮਃ 3)

Through the Guru's Shabad (Gurbani), my heart-lotus has blossomed forth; Almighty blessed me with the treasure of meditation.

ਭਰਮੁ ਗਇਆ , ਤਾ ਜਾਗਿਆ ;
ਚੂਕਾ ਅਗਿਆਨ ਅੰਧਾਰੁ ॥ (950-3, ਰਾਮਕਲੀ, ਮਃ 3)

My illusions was dispelled, and I woke up; the darkness of ignorance was dispelled.

ਤਿਸ ਨੋ ਰੂਪੁ ਅਤਿ ਅਗਲਾ ;
ਜਿਸੁ ਹਰਿ ਨਾਲਿ ਪਿਆਰੁ ॥ (950-4, ਰਾਮਕਲੀ, ਮਃ 3)

She who is in love with her Almighty, is the most infinitely beautiful.

ਸਦਾ ਰਵੈ ਪਿਰੁ ਆਪਣਾ ;
ਸੋਭਾਵੰਤੀ ਨਾਰਿ ॥ (ਸੋਭਾ-ਵੰਤੀ ਬੋਲੋ) (950-4, ਰਾਮਕਲੀ, ਮਃ 3)

Such a beautiful, happy soul-bride enjoys her Husband (Almighty) forever.

ਮਨਮੁਖਿ ਸੀਗਾਰੁ ਨ ਜਾਣਨੀ ;
ਜਾਸਨਿ ਜਨਮੁ ਸਭੁ ਹਾਰਿ ॥ (950-5, ਰਾਮਕਲੀ, ਮਃ 3)

The self-willed manmukhs do not know how to decorate themselves with divine virtues; wasting their whole lives, they depart.

ਬਿਨੁ ਹਰਿ ਭਗਤੀ ਸੀਗਾਰੁ ਕਰਹਿ ;
ਨਿਤ ਜੰਮਹਿ ਹੋਇ ਖੁਆਰੁ ॥ (950-5, ਰਾਮਕਲੀ, ਮਃ 3)

Those who decorate themselves without Almighty's meditation, are continually reincarnated to suffer.

ਸੈਸਾਰੈ ਵਿਚਿ ਸੋਭ ਨ ਪਾਇਨੀ ;
ਅਗੈ ਜਿ ਕਰੇ , ਸੁ ਜਾਣੈ ਕਰਤਾਰੁ ॥ (950-6, ਰਾਮਕਲੀ, ਮਃ 3)

They do not obtain respect in this world; the Creator Master alone knows what will happen to them in the world hereafter.

ਨਾਨਕ , ਸਚਾ ਏਕੁ ਹੈ ; ਦੁਹੁ ਵਿਚਿ ਹੈ ਸੰਸਾਰੁ ॥ (950-6, ਰਾਮਕਲੀ, ਮਃ 3)

Guru Nanak says, the True Master is the One and only; duality exists only in the world.

ਚੰਗੈ ਮੰਦੈ ਆਪਿ ਲਾਇਅਨੁ ;
ਸੋ ਕਰਨਿ , ਜਿ ਆਪਿ ਕਰਾਏ ਕਰਤਾਰੁ ॥੨॥ (950-7, ਰਾਮਕਲੀ, ਮਃ 3)

He Himself enjoins them to good and bad; they do only that which the Creator Master causes them to do. ||2||

ਮਃ ੩ ॥ (950-7)

Third Mahala:

ਬਿਨੁ ਸਤਿਗੁਰ ਸੇਵੇ ਸਾਂਤਿ ਨ ਆਵਈ ;
ਦੂਜੀ ਨਾਹੀ ਜਾਇ ॥ (950-8, ਰਾਮਕਲੀ, ਮਃ 3)

Without serving the True Guru, serenity is not obtained. It cannot be found anywhere else.

ਜੇ ਬਹੁਤੇਰਾ ਲੋਚੀਐ ;
ਵਿਣੁ ਕਰਮਾ ਪਾਇਆ ਨ ਜਾਇ ॥ (950-8, ਰਾਮਕਲੀ, ਮਃ 3)

No matter how much one may long for it, without Almighty's blessing, it cannot be attained.

ਅੰਤਰਿ ਲੋਭੁ ਵਿਕਾਰੁ ਹੈ ; ਦੂਜੈ ਭਾਇ ਖੁਆਇ ॥ (950-9, ਰਾਮਕਲੀ, ਮਃ 3)

Those whose inner beings are filled with greed and corruption, are ruined through the love of duality.

ਤਿਨ ਜੰਮਣੁ ਮਰਣੁ ਨ ਚੁਕਈ ;
ਹਉਮੈ ਵਿਚਿ ਦੁਖੁ ਪਾਇ ॥ (950-9, ਰਾਮਕਲੀ, ਮਃ 3)

The cycle of birth and death is not ended, and filled with egotism, they suffer in pain.

ਜਿਨੀ ਸਤਿਗੁਰ ਸਿਉ ਚਿਤੁ ਲਾਇਆ ;
ਸੋ ਖਾਲੀ ਕੋਈ ਨਾਹਿ ॥ (950-10, ਰਾਮਕਲੀ, ਮਃ 3)

Those who focus their consciousness on the True Guru, do not remain unfulfilled.

ਤਿਨ ਜਮ ਕੀ ਤਲਬ ਨ ਹੋਵਈ ;
ਨਾ ਓਇ ਦੁਖ ਸਹਾਹਿ ॥ (950-10, ਰਾਮਕਲੀ, ਮਃ 3)

They are not summoned by the Messenger of Death, and they do not suffer in pain.

ਨਾਨਕ ਗੁਰਮੁਖਿ ਉਬਰੇ ; ਸਚੈ ਸਬਦਿ ਸਮਾਹਿ ॥੩॥ (950-11, ਰਾਮਕਲੀ, ਮਃ 3)

Guru Nanak says, the Gurmukh is saved, merging in the True Guru's Shabad (Gurbani). ||3||

ਪਉੜੀ ॥ (950-11)

Pauree:

ਆਪਿ ਅਲਿਪਤੁ ਸਦਾ ਰਹੈ ; **(ਅ-ਲਿਪਤੁ ਬੋਲੋ)**
ਹੋਰਿ ਧੰਧੈ ਸਭਿ ਧਾਵਹਿ ॥ (950-11, ਰਾਮਕਲੀ, ਮਃ 3)

He Himself remains unattached forever; all others run after worldly affairs.

ਆਪਿ ਨਿਹਚਲੁ ਅਚਲੁ ਹੈ ; ਹੋਰਿ ਆਵਹਿ ਜਾਵਹਿ ॥ (950-12, ਰਾਮਕਲੀ, ਮਃ 3)

He Himself is eternal, unchanging and unmoving; the others continue coming and going in reincarnation.

ਸਦਾ ਸਦਾ ਹਰਿ ਧਿਆਈਐ ; ਗੁਰਮੁਖਿ ਸੁਖੁ ਪਾਵਹਿ ॥ (950-12, ਰਾਮਕਲੀ, ਮਃ 3)

Meditating on Almighty forever and ever, the Gurmukh finds peace.

ਨਿਜ ਘਰਿ ਵਾਸਾ ਪਾਈਐ ; ਸਚਿ ਸਿਫਤਿ ਸਮਾਵਹਿ ॥ (950-13, ਰਾਮਕਲੀ, ਮਃ 3)

He dwells in the home of his real-self (Atma), absorbed in the Praise of the True Almighty.

ਸਚਾ ਗਹਿਰ ਗੰਭੀਰੁ ਹੈ ; ਗੁਰ ਸਬਦਿ ਬੁਝਾਈ ॥੮॥ (950-13, ਰਾਮਕਲੀ, ਮਃ 3)

The True Master is profound and unfathomable; through the Guru's Shabad (Gurbani), He is understood. ||8||

ਵਾਹੁ ਵਾਹੁ ਸਚੇ ਪਾਤਿਸਾਹ ; ਤੂ ਸਚੀ ਨਾਈ ॥
(ਇਹ ਪੰਗਤੀ ਭਾਂਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਥੇ ਨਹੀਂ ਲਿਖੀ ਪਰ ਗੁਰੂ ਸਾਹਿਬ ਦੀ ਚਲਾਈ ਮਰਯਾਦਾ ਅਨੁਸਾਰ ਇਸ ਵਾਰ ਦੀ ਹਰੇਕ ਪਉੜੀ ਦੇ ਪਿਛੋਂ ਜ਼ਰੂਰ ਪੜ੍ਹਨੀ ਹੈ)

ਸਲੋਕ , ਮਃ ੩ ॥ (950-14)

Salok, Third Mahala:

ਸਚਾ ਨਾਮੁ ਧਿਆਇ ਤੂ ; ਸਭੋ ਵਰਤੈ ਸਚੁ ॥ (950-14, ਰਾਮਕਲੀ, ਮਃ 3)

Meditate on the True Name; the True Master is all-pervading.

ਨਾਨਕ , ਹੁਕਮੈ ਜੋ ਬੁਝੈ ; (ਬੁੱਝੈ ਬੋਲੋ)
ਸੋ ਫਲੁ ਪਾਏ ਸਚੁ ॥ (950-14, ਰਾਮਕਲੀ, ਮਃ 3)

Guru Nanak says, one who realizes the Almighty's Command, obtains the fruit of Truth.

ਕਥਨੀ ਬਦਨੀ ਕਰਤਾ ਫਿਰੈ ;
ਹੁਕਮੁ ਨ ਬੂਝੈ ਸਚੁ ॥ (ਬੁੱਝੈ ਬੋਲੋ) (950-15, ਰਾਮਕਲੀ, ਮਃ 3)

One who merely mouths the words, does not understand the True Almighty's Command.

ਨਾਨਕ , ਹਰਿ ਕਾ ਭਾਣਾ ਮੰਨੇ , ਸੋ ਭਗਤੁ ਹੋਇ ;
ਵਿਣੁ ਮੰਨੇ ਕਚੁਨਿ ਕਚੁ ॥੧॥ (950-15, ਰਾਮਕਲੀ, ਮਃ 3)

Guru Nanak says, one who accepts the Will of Almighty is His devotee. Without accepting it, he is the falsest of the false. ||1||

ਮਃ ੩ ॥ (950-16)

Third Mahala:

ਮਨਮੁਖ ਬੋਲਿ ਨ ਜਾਣਨੀ ;
ਓਨਾ ਅੰਦਰਿ , ਕਾਮੁ ਕ੍ਰੋਧੁ ਅਹੰਕਾਰੁ ॥ (950-16, ਰਾਮਕਲੀ, ਮਃ 3)

The self-willed manmukhs do not know what they are saying. They are filled with sexual desire, anger and egotism.

ਓਇ ਥਾਉ ਕੁਥਾਉ ਨ ਜਾਣਨੀ ;
ਉਨ ਅੰਤਰਿ ਲੋਭੁ ਵਿਕਾਰੁ ॥ (950-16, ਰਾਮਕਲੀ, ਮਃ 3)

They do not understand right places and wrong places; they are filled with greed and corruption.

ਓਇ ਆਪਣੈ ਸੁਆਇ , ਆਇ ਬਹਿ ਗਲਾ ਕਰਹਿ ;
ਓਨਾ ਮਾਰੇ ਜਮੁ ਜੰਦਾਰੁ ॥ (950-17, ਰਾਮਕਲੀ, ਮਃ 3)

They come, and sit and talk for their own purposes. The Messenger of Death strikes them down.

ਅਗੈ ਦਰਗਹ ਲੇਖੈ ਮੰਗਿਐ ;
ਮਾਰਿ ਖੁਆਰੁ ਕੀਚਹਿ ਕੂੜਿਆਰ ॥ (950-18, ਰਾਮਕਲੀ, ਮਃ 3)

Hereafter, they are called to account in the Court of Almighty; the false ones are struck down and humiliated.

ਏਹ ਕੂੜੈ ਕੀ ਮਲੁ ਕਿਉ ਉਤਰੈ ;
ਕੋਈ ਕਢਹੁ ਇਹੁ ਵੀਚਾਰੁ ॥ (950-18, ਰਾਮਕਲੀ, ਮਃ 3)

How can this filth of falsehood be washed off? Can anyone think about this, and find the way?

ਸਤਿਗੁਰੁ ਮਿਲੈ ਤਾ ਨਾਮੁ ਦਿੜਾਏ ;
ਸਭਿ ਕਿਲਵਿਖ ਕਟਣਹਾਰੁ ॥ (ਕਟਣ-ਹਾਰੁ ਬੋਲੋ) (950-19, ਰਾਮਕਲੀ, ਮਃ 3)

If one meets with the True Guru, He implants the Naam, Almighty's Name within; all his sins are destroyed.

ਨਾਮੁ ਜਪੇ , ਨਾਮੋ ਆਰਾਧੇ;
ਤਿਸੁ ਜਨ ਕਉ , ਕਰਹੁ ਸਭਿ ਨਮਸਕਾਰੁ ॥ (950-19, ਰਾਮਕਲੀ, ਮਃ 3)

Let all bow in humility to that humble being who chants Almighty's Name (Naam), and worships the Naam in adoration.

ਮਲੁ ਕੂੜੀ , ਨਾਮਿ ਉਤਾਰੀਅਨੁ ;
ਜਪਿ ਨਾਮੁ ਹੋਆ ਸਚਿਆਰੁ ॥ (951-1, ਰਾਮਕਲੀ, ਮਃ 3)

Almighty's Name (Naam) washes off the filth of falsehood; chanting the Naam, one becomes truthful.

ਜਨ ਨਾਨਕ ਜਿਸ ਦੇ ਏਹਿ ਚਲਤ ਹਹਿ ;
ਸੋ ਜੀਵਉ ਦੇਵਣਹਾਰੁ ॥੨॥ (ਦੇਵਣ-ਹਾਰੁ ਬੋਲੋ) (951-1, ਰਾਮਕਲੀ, ਮਃ 3)

O servant Nanak, wondrous are the plays of Almighty, the Giver of life. ||2||

ਪਉੜੀ ॥ (951-2)

Pauree:

ਤੁਧੁ ਜੇਵਡੁ ਦਾਤਾ ਨਾਹਿ ; ਕਿਸੁ ਆਖਿ ਸੁਣਾਈਐ ॥ (951-2, ਰਾਮਕਲੀ, ਮਃ 3)

You are the Great Giver; no other is as great as You. Unto whom should I speak and talk?

ਗੁਰਪਰਸਾਦੀ ਪਾਇ ; ਜਿਥਹੁ ਹਉਮੈ ਜਾਈਐ ॥ (951-3, ਰਾਮਕਲੀ, ਮਃ 3)

By Guru's Grace, I find You; You eradicate egotism from within.

ਰਸ ਕਸ ਸਾਦਾ ਬਾਹਰਾ ; ਸਚੀ ਵਡਿਆਈਐ ॥ (951-3, ਰਾਮਕਲੀ, ਮਃ 3)

You are beyond sweet and salty flavors; True is Your glorious greatness.

ਜਿਸ ਨੋ ਬਖਸੇ ਤਿਸੁ ਦੇਇ ; ਆਪਿ ਲਏ ਮਿਲਾਈਐ ॥ (951-4, ਰਾਮਕਲੀ, ਮਃ 3)

You bless those whom You forgive, and unite them with Yourself.

ਘਟ ਅੰਤਰਿ ਅੰਮ੍ਰਿਤੁ ਰਖਿਓਨੁ ;
ਗੁਰਮੁਖਿ ਕਿਸੈ ਪਿਆਈ ॥੯॥ (951-4, ਰਾਮਕਲੀ, ਮਃ 3)

You have placed the Ambrosial Nectar deep within the heart; the Gurmukh drinks it in. ||9||

ਵਾਹੁ ਵਾਹੁ ਸਚੇ ਪਾਤਿਸਾਹ ; ਤੂ ਸਚੀ ਨਾਈ ॥
(ਇਹ ਪੰਗਤੀ ਭਾਂਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਏਥੇ ਨਹੀਂ ਲਿਖੀ ਪਰ ਗੁਰੂ ਸਾਹਿਬ ਦੀ ਚਲਾਈ ਮਰਯਾਦਾ ਅਨੁਸਾਰ ਏਸ ਵਾਰ ਦੀ ਹਰੇਕ ਪਉੜੀ ਦੇ ਪਿਛੋਂ ਜ਼ਰੂਰ ਪੜ੍ਹਨੀ ਹੈ)

ਸਲੋਕ , ਮਃ ੩ ॥ (951-5)

Salok, Third Mahala:

ਬਾਬਾਣੀਆ ਕਹਾਣੀਆ ; ਪੁਤ ਸਪੁਤ ਕਰੇਨਿ ॥ (951-5, ਰਾਮਕਲੀ, ਮਃ 3)

The stories of one's ancestors make the children good children.

ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ ;
ਸੇਈ ਕਰਮ ਕਰੇਨਿ ॥ (951-5, ਰਾਮਕਲੀ, ਮਃ 3)

They accept what is pleasing to the Will of the True Guru, and act accordingly.

ਜਾਇ ਪੁਛਹੁ ਸਿਮ੍ਰਿਤਿ ਸਾਸਤ , ਬਿਆਸ ਸੁਕ ਨਾਰਦ ;
ਬਚਨ ਸਭ ਸ੍ਰਿਸਟਿ ਕਰੇਨਿ ॥ (951-6, ਰਾਮਕਲੀ, ਮਃ 3)

Go and consult the Simritees, the Shaastras, the writings of Vyaas, Sukhdev, Naarad, and all those who preach to the world.

ਸਚੈ ਲਾਏ ਸਚਿ ਲਗੇ ; ਸਦਾ ਸਚੁ ਸਮਾਲੇਨਿ ॥ (951-6, ਰਾਮਕਲੀ, ਮਃ 3)

Those, whom the True Master attaches, are attached to the Truth; they contemplate the True Name forever.

ਨਾਨਕ , ਆਏ ਸੇ ਪਰਵਾਣੁ ਭਏ ;
ਜਿ ਸਗਲੇ ਕੁਲ ਤਾਰੇਨਿ ॥੧॥ (951-7, ਰਾਮਕਲੀ, ਮਃ 3)

Guru Nanak says, their coming into the world is approved; they redeem all their ancestors. ||1||

ਮਃ ੩ ॥ (951-7)

Third Mahala:

ਗੁਰੂ ਜਿਨਾ ਕਾ ਅੰਧੁਲਾ ; ਸਿਖ ਭੀ ਅੰਧੇ ਕਰਮ ਕਰੇਨਿ ॥ (951-7, ਰਾਮਕਲੀ, ਮਃ 3)

The disciples whose teacher is blind, act blindly as well.

ਓਇ ਭਾਣੈ ਚਲਨਿ ਆਪਣੈ ; ਨਿਤ ਝੂਠੋ ਝੂਠੁ ਬੋਲੇਨਿ ॥ (951-8, ਰਾਮਕਲੀ, ਮਃ 3)

They walk according to their own wills, and continually speak falsehood and lies.

ਕੂੜੁ ਕੁਸਤੁ ਕਮਾਵਦੇ ; **(ਕੁ-ਸਤੁ ਬੋਲੋ)**
ਪਰ ਨਿੰਦਾ ਸਦਾ ਕਰੇਨਿ ॥ (951-8, ਰਾਮਕਲੀ, ਮਃ 3)

They practice falsehood and deception, and endlessly slander others.

ਓਇ ਆਪਿ ਡੁਬੇ ਪਰ ਨਿੰਦਕਾ ; ਸਗਲੇ ਕੁਲ ਡੋਬੇਨਿ ॥ (951-9, ਰਾਮਕਲੀ, ਮਃ 3)

Slandering others, they drown themselves, and drown all their generations as well.

ਨਾਨਕ , ਜਿਤੁ ਓਇ ਲਾਏ , ਤਿਤੁ ਲਗੇ ;
ਉਇ ਬਪੁੜੇ ਕਿਆ ਕਰੇਨਿ ॥੨॥ (951-9, ਰਾਮਕਲੀ, ਮਃ 3)

Guru Nanak says, whatever Almighty links them to, to that they are linked; what can the poor creatures do? ||2||

ਪਉੜੀ ॥ (951-10)

Pauree:

ਸਭ ਨਦਰੀ ਅੰਦਰਿ ਰਖਦਾ ;
ਜੇਤੀ ਸਿਸਟਿ ਸਭ ਕੀਤੀ ॥ (951-10, ਰਾਮਕਲੀ, ਮਃ 3)

He keeps all under His Gaze; He created the entire Universe.

ਇਕਿ ਕੂੜਿ ਕੁਸਤਿ ਲਾਇਅਨੁ ; (ਕੁ-ਸੱਤਿ ਬੋਲੋ)
ਮਨਮੁਖ ਵਿਗੂਤੀ ॥ (951-11, ਰਾਮਕਲੀ, ਮਃ 3)

He has linked some to falsehood and deception; these self-willed manmukhs are plundered.

ਗੁਰਮੁਖਿ ਸਦਾ ਧਿਆਈਐ ; ਅੰਦਰਿ ਹਰਿ ਪ੍ਰੀਤੀ ॥ (951-11, ਰਾਮਕਲੀ, ਮਃ 3)

The Gurmukhs meditate on Almighty forever; their inner beings are filled with love.

ਜਿਨ ਕਉ ਪੋਤੈ ਪੁੰਨੁ ਹੈ ; ਤਿਨ੍ ਵਾਤਿ ਸਿਪੀਤੀ ॥ (951-12, ਰਾਮਕਲੀ, ਮਃ 3)

Those who have the treasure of virtue, chant the Praises of Almighty.

ਨਾਨਕ , ਨਾਮੁ ਧਿਆਈਐ ;
ਸਚੁ ਸਿਫਤਿ ਸਨਾਈ ॥੧੦॥ (951-12, ਰਾਮਕਲੀ, ਮਃ 3)

Guru Nanak says, meditate on Almighty's Name (Naam), and the Glorious Praises of the True Lord. ||10||

ਵਾਹੁ ਵਾਹੁ ਸਚੇ ਪਾਤਿਸਾਹ ; ਤੂ ਸਚੀ ਨਾਈ ॥
(ਇਹ ਪੰਗਤੀ ਭਾਂਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਏਥੇ ਨਹੀਂ ਲਿਖੀ ਪਰ ਗੁਰੂ ਸਾਹਿਬ ਦੀ ਚਲਾਈ ਮਰਯਾਦਾ ਅਨੁਸਾਰ ਏਸ ਵਾਰ ਦੀ ਹਰੇਕ ਪਉੜੀ ਦੇ ਪਿਛੋਂ ਜ਼ਰੂਰ ਪੜ੍ਹਨੀ ਹੈ)

ਸਲੋਕੁ , ਮਃ ੧ ॥ (951-13)

Salok, First Mahala:

ਸਤੀ ਪਾਪੁ ਕਰਿ ; ('ਸਤੀ' ਢਿੱਲਾ ਬੋਲੋ)
ਸਤੁ ਕਮਾਹਿ ॥('ਸਤੁ' ਢਿੱਲਾ ਬੋਲੋ) (951-13, ਰਾਮਕਲੀ, ਮਃ 1)

Men of charity gather wealth by committing sins, and then give it away in donations to charity.

ਗੁਰ ਦੀਖਿਆ ; ਘਰਿ ਦੇਵਣ ਜਾਹਿ ॥ (951-13, ਰਾਮਕਲੀ, ਮਃ 1)

Their spiritual teachers go to their homes to instruct them.

ਇਸਤਰੀ ਪੁਰਖੈ ; ਖਟਿਐ ਭਾਉ ॥ (951-13, ਰਾਮਕਲੀ, ਮਃ 1)

The woman loves the man only for his wealth;

ਭਾਵੈ ਆਵਉ ; ਭਾਵੈ ਜਾਉ ॥ (951-14, ਰਾਮਕਲੀ, ਮਃ 1)

they come and go as they please.

ਸਾਸਤੁ ਬੇਦੁ ; ਨ ਮਾਨੈ ਕੋਇ ॥ (951-14, ਰਾਮਕਲੀ, ਮਃ 1)

No one obeys the Shaastras or the Vedas.

ਆਪੋ ਆਪੈ ; ਪੂਜਾ ਹੋਇ ॥ (951-14, ਰਾਮਕਲੀ, ਮਃ 1)

Everyone worships himself.

ਕਾਜੀ ਹੋਇ ਕੈ ; ਬਹੈ ਨਿਆਇ ॥ (951-14, ਰਾਮਕਲੀ, ਮਃ 1)

Becoming judges, they sit and administer justice.

ਫੇਰੇ ਤਸਬੀ ; ਕਰੇ ਖੁਦਾਇ ॥ (951-15, ਰਾਮਕਲੀ, ਮਃ 1)

They chant on their rosaries (malas), and call upon Almighty.

ਵਢੀ ਲੈ ਕੈ ; ਹਕੁ ਗਵਾਏ ॥ (951-15, ਰਾਮਕਲੀ, ਮਃ 1)

They accept bribes, and block justice.

ਜੇ ਕੋ ਪੁਛੈ ; ਤਾ ਪੜਿ ਸੁਣਾਏ ॥ (951-15, ਰਾਮਕਲੀ, ਮਃ 1)

If someone asks them, they read quotations from their books.

ਤੁਰਕ ਮੰਤ੍ਰੁ ; ਕਨਿ ਰਿਦੈ ਸਮਾਹਿ ॥ (951-15, ਰਾਮਕਲੀ, ਮਃ 1)

The Muslim scriptures are in their ears and in their hearts.

ਲੋਕ ਮੁਹਾਵਹਿ ; ਚਾੜੀ ਖਾਹਿ ॥ (951-16, ਰਾਮਕਲੀ, ਮਃ 1)

They plunder the people, and engage in gossip and flattery.

ਚਉਕਾ ਦੇ ਕੈ ; ਸੁਚਾ ਹੋਇ ॥ (951-16, ਰਾਮਕਲੀ, ਮਃ 1)

They anoint their kitchens to try to become pure.

ਐਸਾ ਹਿੰਦੂ ; ਵੇਖਹੁ ਕੋਇ ॥ (951-16, ਰਾਮਕਲੀ, ਮਃ 1)

Behold, such is the Hindu.

ਜੋਗੀ ਗਿਰਹੀ ; ਜਟਾ ਬਿਭੂਤ ॥ (951-16, ਰਾਮਕਲੀ, ਮਃ 1)

The Yogi, with matted hair and ashes on his body, has become a householder.

ਆਗੈ ਪਾਛੈ ; ਰੋਵਹਿ ਪੂਤ ॥ (951-17, ਰਾਮਕਲੀ, ਮਃ 1)

The children weep in front of him and behind him.

ਜੋਗੁ ਨ ਪਾਇਆ ; ਜੁਗਤਿ ਗਵਾਈ ॥ (951-17, ਰਾਮਕਲੀ, ਮਃ 1)

He does not attain Union with Almighty and he has lost his way.

ਕਿਤੁ ਕਾਰਣਿ ; ਸਿਰਿ ਛਾਈ ਪਾਈ ॥ (951-17, ਰਾਮਕਲੀ, ਮਃ 1)

Why does he apply ashes to his forehead?

ਨਾਨਕ ; ਕਲਿ ਕਾ ਏਹੁ ਪਰਵਾਣੁ ॥ (951-18, ਰਾਮਕਲੀ, ਮਃ 1)

Guru Nanak says, this is the sign of the Dark Age of Kalyug;

ਆਪੇ ਆਖਣੁ ; ਆਪੇ ਜਾਣੁ ॥੧॥ (951-18, ਰਾਮਕਲੀ, ਮਃ 1)

everyone says that he himself knows. ||1||

ਮਃ ੧ ॥ (951-18)

First Mahala:

ਹਿੰਦੂ ਕੈ ਘਰਿ ; ਹਿੰਦੂ ਆਵੈ ॥ (951-18, ਰਾਮਕਲੀ, ਮਃ 1)

The Hindu comes to the house of a Hindu.

ਸੂਤੁ ਜਨੇਊ ; ਪੜਿ ਗਲਿ ਪਾਵੈ ॥ (951-19, ਰਾਮਕਲੀ, ਮਃ 1)

He puts the sacred thread around his neck and reads the scriptures.

ਸੂਤੁ ਪਾਇ ; ਕਰੇ ਬੁਰਿਆਈ ॥ (951-19, ਰਾਮਕਲੀ, ਮਃ 1)

He puts on the thread, but does evil deeds.

ਨਾਤਾ ਧੋਤਾ ; ਥਾਇ ਨ ਪਾਈ ॥ (ਨ੍ਹਾਤਾ ਬੋਲੋ) (951-19, ਰਾਮਕਲੀ, ਮਃ 1)

His cleansings and washings will not be approved.

ਮੁਸਲਮਾਨੁ ; ਕਰੇ ਵਡਿਆਈ ॥ (951-19, ਰਾਮਕਲੀ, ਮਃ 1)

The Muslim glorifies his own faith.

ਵਿਣੁ ਗੁਰ ਪੀਰੈ ; ਕੋ ਥਾਇ ਨ ਪਾਈ ॥ (952-1, ਰਾਮਕਲੀ, ਮਃ 1)

Without the Guru or a spiritual teacher, no one is accepted.

ਰਾਹੁ ਦਸਾਇ ; ਓਥੈ ਕੋ ਜਾਇ ॥ (952-1, ਰਾਮਕਲੀ, ਮਃ 1)

They may be shown the way, but only a few go there.

ਕਰਣੀ ਬਾਝਹੁ ; ਭਿਸਤਿ ਨ ਪਾਇ ॥ (952-1, ਰਾਮਕਲੀ, ਮਃ 1)

Without good deeds, heaven is not attained.

ਜੋਗੀ ; ਕੈ ਘਰਿ ਜੁਗਤਿ ਦਸਾਈ ॥ (952-2, ਰਾਮਕਲੀ, ਮਃ 1)

The Way of Union is demonstrated in the Yogi's monastery.

ਤਿਤੁ ਕਾਰਣਿ ; ਕਨਿ ਮੁੰਦ੍ਰਾ ਪਾਈ ॥ (952-2, ਰਾਮਕਲੀ, ਮਃ 1)

They wear ear-rings to show the way.

ਮੁੰਦ੍ਰਾ ਪਾਇ ; ਫਿਰੈ ਸੰਸਾਰਿ ॥ (952-2, ਰਾਮਕਲੀ, ਮਃ 1)

Wearing ear-rings, they wander around the world.

ਜਿਥੈ ਕਿਥੈ ; ਸਿਰਜਣਹਾਰੁ ॥ (ਸਿਰਜਣ-ਹਾਰੁ ਬੋਲੋ)(952-3, ਰਾਮਕਲੀ, ਮਃ 1)

The Creator Master is everywhere.

ਜੇਤੇ ਜੀਅ ; ਤੇਤੇ ਵਾਟਾਊ ॥ (952-3, ਰਾਮਕਲੀ, ਮਃ 1)

There are as many travellers as there are beings.

ਚੀਰੀ ਆਈ ; ਢਿਲ ਨ ਕਾਊ ॥ (952-3, ਰਾਮਕਲੀ, ਮਃ 1)

When one's death warrant is issued, there is no delay.

ਏਥੈ ਜਾਣੈ ; ਸੁ ਜਾਇ ਸਿਞਾਣੈ ॥ (952-3, ਰਾਮਕਲੀ, ਮਃ 1)

One who knows Almighty here, realizes Him there as well.

ਹੋਰੁ ਫਕੜੁ ; ਹਿੰਦੂ ਮੁਸਲਮਾਣੈ ॥ (952-4, ਰਾਮਕਲੀ, ਮਃ 1)

Others, whether Hindu or Muslim, are just babbling.

ਸਭਨਾ ਕਾ ; ਦਰਿ ਲੇਖਾ ਹੋਇ ॥ (952-4, ਰਾਮਕਲੀ, ਮਃ 1)

Everyone's account is read in the Court of Almighty;

ਕਰਣੀ ਬਾਝਹੁ ; ਤਰੈ ਨ ਕੋਇ ॥ (952-4, ਰਾਮਕਲੀ, ਮਃ 1)

without good deeds, no one crosses over the worldly ocean.

ਸਚੋ ਸਚੁ ; ਵਖਾਣੈ ਕੋਇ ॥ (952-4, ਰਾਮਕਲੀ, ਮਃ 1)

One who speaks the True Name of the True Lord,

ਨਾਨਕ ; ਅਗੈ ਪੁਛ ਨ ਹੋਇ ॥੨॥ (952-5, ਰਾਮਕਲੀ, ਮਃ 1)

Guru Nanak says, is not called to account hereafter. ||2||

ਪਉੜੀ ॥ (952-5)

Pauree:

ਹਰਿ ਕਾ ਮੰਦਰੁ ਆਖੀਐ ; ਕਾਇਆ ਕੋਟੁ ਗੜੁ ॥ (952-5, ਰਾਮਕਲੀ, ਮਃ 1)

The fortress of the body is called the Mansion of Almighty.

ਅੰਦਰਿ ਲਾਲ ਜਵੇਹਰੀ ; ਗੁਰਮੁਖਿ ਹਰਿ ਨਾਮੁ ਪੜੁ ॥ (952-6, ਰਾਮਕਲੀ, ਮਃ 1)

The rubies and gems are found within it; the Gurmukh chants Almighty's Name.

ਹਰਿ ਕਾ ਮੰਦਰੁ ਸਰੀਰੁ , ਅਤਿ ਸੋਹਣਾ ;
ਹਰਿ ਹਰਿ ਨਾਮੁ ਦਿੜੁ ॥ (952-6, ਰਾਮਕਲੀ, ਮਃ 1)

The body, the Mansion of Almighty, is very beautiful, when Almighty's Name, is implanted deep within.

ਮਨਮੁਖ ਆਪਿ ਖੁਆਇਅਨੁ ;
ਮਾਇਆ ਮੋਹ ਨਿਤ ਕੜੁ ॥ (952-7, ਰਾਮਕਲੀ, ਮਃ 1)

The self-willed manmukhs ruin themselves; they boil continuously in attachment to Maya.

ਸਭਨਾ ਸਾਹਿਬੁ ਏਕੁ ਹੈ ;
ਪੂਰੈ ਭਾਗਿ ਪਾਇਆ ਜਾਈ ॥੧੧॥ (952-7, ਰਾਮਕਲੀ, ਮਃ 1)

The One Master is the Master of all. He is found only by perfect destiny. ||11||

ਵਾਹੁ ਵਾਹੁ ਸਚੇ ਪਾਤਿਸਾਹ ; ਤੂ ਸਚੀ ਨਾਈ ॥

(ਇਹ ਪੰਗਤੀ ਭਾਂਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਏਥੇ ਨਹੀਂ ਲਿਖੀ ਪਰ ਗੁਰੂ ਸਾਹਿਬ ਦੀ ਚਲਾਈ ਮਰਯਾਦਾ ਅਨੁਸਾਰ ਏਸ ਵਾਰ ਦੀ ਹਰੇਕ ਪਉੜੀ ਦੇ ਪਿਛੋਂ ਜ਼ਰੂਰ ਪੜ੍ਹਨੀ ਹੈ)

ਸਲੋਕ , ਮਃ ੧ ॥ (952-8)

Salok, First Mahala:

ਨਾ ਸਤਿ ਦੁਖੀਆ , ਨਾ ਸਤਿ ਸੁਖੀਆ ;
ਨਾ ਸਤਿ , ਪਾਣੀ ਜੰਤ ਫਿਰਹਿ ॥ (952-8, ਰਾਮਕਲੀ, ਮਃ 1)

There is no Truth in suffering, there is no Truth in comfort. There is no Truth in wandering like animals through the water.

ਨਾ ਸਤਿ ਮੂੰਡ ਮੁਡਾਈ ਕੇਸੀ ;
ਨਾ ਸਤਿ , ਪੜਿਆ ਦੇਸ ਫਿਰਹਿ ॥ (952-8, ਰਾਮਕਲੀ, ਮਃ 1)

There is no Truth in shaving one's head; there is no Truth is studying the scriptures and wandering in foreign lands.

ਨਾ ਸਤਿ ਰੁਖੀ ਬਿਰਖੀ ਪਥਰ ; (ਪੱਥਰ ਬੋਲੋ)
ਆਪੁ ਤਛਾਵਹਿ ਦੁਖ ਸਹਹਿ ॥ (952-9, ਰਾਮਕਲੀ, ਮਃ 1)

There is no Truth in trees, plants or stones, in mutilating oneself or suffering in pain.

ਨਾ ਸਤਿ ਹਸਤੀ ਬਧੇ ਸੰਗਲ ;
ਨਾ ਸਤਿ ਗਾਈ ਘਾਹੁ ਚਰਹਿ ॥ (952-10, ਰਾਮਕਲੀ, ਮਃ 1)

There is no Truth in binding elephants in chains; there is no Truth in grazing cows.

ਜਿਸੁ ਹਥਿ ਸਿਧਿ ਦੇਵੈ ਜੇ ਸੋਈ ;
ਜਿਸ ਨੋ ਦੇਇ , ਤਿਸੁ ਆਇ ਮਿਲੈ ॥ (952-10, ਰਾਮਕਲੀ, ਮਃ 1)

He alone grants it, whose hands hold spritual perfection; he alone receives it, unto whom it is given.

ਨਾਨਕ , ਤਾ ਕਉ ਮਿਲੈ ਵਡਾਈ ;
ਜਿਸੁ ਘਟ ਭੀਤਰਿ ਸਬਦੁ ਰਵੈ ॥ (952-11, ਰਾਮਕਲੀ, ਮਃ 1)

Guru Nanak says, he alone is blessed with glorious greatness, whose heart is filled with the Guru's Shabad (Gurbani).

ਸਭਿ ਘਟ ਮੇਰੇ , ਹਉ ਸਭਨਾ ਅੰਦਰਿ ;
ਜਿਸਹਿ ਖੁਆਈ ਤਿਸੁ ਕਉਣੁ ਕਹੈ ॥ (952-11, ਰਾਮਕਲੀ, ਮਃ 1)

Almighty says, all hearts are mine, and I am in all hearts. Who can explain this to one who is confused?

ਜਿਸਹਿ ਦਿਖਾਲਾ ਵਾਟੜੀ ; ਤਿਸਹਿ ਭੁਲਾਵੈ ਕਉਣੁ ॥ (952-12, ਰਾਮਕਲੀ, ਮਃ 1)

Who can confuse that being, unto whom I have shown the Way?

ਜਿਸਹਿ ਭੁਲਾਈ ਪੰਧ ਸਿਰਿ ;
ਤਿਸਹਿ ਦਿਖਾਵੈ ਕਉਣੁ ॥੧॥ (952-12, ਰਾਮਕਲੀ, ਮਃ 1)

And who can show the Path to that being whom I have confused since the beginning of time? ||1||

ਮਃ ੧ ॥ (952-13)

First Mahala:

ਸੋ ਗਿਰਹੀ ; ਜੋ ਨਿਗ੍ਰਹੁ ਕਰੈ ॥ (952-13, ਰਾਮਕਲੀ, ਮਃ 1)

He alone is a householder, who restrains his passions

ਜਪੁ ਤਪੁ ਸੰਜਮੁ ; ਭੀਖਿਆ ਕਰੈ ॥ (952-13, ਰਾਮਕਲੀ, ਮਃ 1)

and begs for meditation, austerity and self-discipline.

ਪੁੰਨ ਦਾਨ ਕਾ ; ਕਰੇ ਸਰੀਰੁ ॥ (952-14, ਰਾਮਕਲੀ, ਮਃ 1)

The one who makes his body as charity means the one who willingly donates everything including his body;

ਸੋ ਗਿਰਹੀ ; ਗੰਗਾ ਕਾ ਨੀਰੁ ॥ (952-14, ਰਾਮਕਲੀ, ਮਃ 1)

such a householder is as pure as the water of the Ganges.

ਬੋਲੈ ਈਸਰੁ ; ਸਤਿ ਸਰੂਪੁ ॥ (952-14, ਰਾਮਕਲੀ, ਮਃ 1)

Says the Creator, Almighty is the embodiment of Truth.

ਪਰਮ ਤੰਤ ਮਹਿ ; ਰੇਖ ਨ ਰੂਪੁ ॥੨॥ (952-14, ਰਾਮਕਲੀ, ਮਃ 1)

The supreme essence of reality has no shape or form. ||2||

ਮਃ ੧ ॥ (952-15)

First Mahala:

ਸੋ ਅਉਧੂਤੀ ; ਜੋ ਧੂਪੈ ਆਪੁ ॥ (952-15, ਰਾਮਕਲੀ, ਮਃ 1)

He alone is a detached hermit, who burns away his self-conceit.

ਭਿਖਿਆ ਭੋਜਨੁ ; ਕਰੈ ਸੰਤਾਪੁ ॥ (952-15, ਰਾਮਕਲੀ, ਮਃ 1)

He begs for suffering as his food.

ਅਉ ਹਠ ਪਟਣ ਮਹਿ ; ਭੀਖਿਆ ਕਰੈ ॥ (952-15, ਰਾਮਕਲੀ, ਮਃ 1)

In the city of the heart, he begs for charity.

ਸੋ ਅਉਧੂਤੀ ; ਸਿਵ ਪੁਰਿ ਚੜੈ ॥ (952-16, ਰਾਮਕਲੀ, ਮਃ 1)

Such a renunciate ascends to the City of Almighty.

ਬੋਲੈ ਗੋਰਖੁ ; ਸਤਿ ਸਰੂਪੁ ॥ (952-16, ਰਾਮਕਲੀ, ਮਃ 1)

Says Gorakh, Almighty is the embodiment of Truth;

ਪਰਮ ਤੰਤ ਮਹਿ ; ਰੇਖ ਨ ਰੂਪੁ ॥੩॥ (952-16, ਰਾਮਕਲੀ, ਮਃ 1)

the supreme essence of reality has no shape or form. ||3||

ਮਃ ੧ ॥ (952-17)

First Mahala:

ਸੋ ਉਦਾਸੀ ; ਜਿ ਪਾਲੇ ਉਦਾਸੁ ॥ (952-17, ਰਾਮਕਲੀ, ਮਃ 1)

He alone is an Udasi, a renunciate, who embraces renunciation.

ਅਰਧ ਉਰਧ ; ਕਰੇ ਨਿਰੰਜਨ ਵਾਸੁ ॥ (952-17, ਰਾਮਕਲੀ, ਮਃ 1)

He sees the Pure Master dwelling in both the upper and middle regions.

ਚੰਦ ਸੂਰਜ ਕੀ ; ਪਾਏ ਗੰਢਿ ॥ (952-17, ਰਾਮਕਲੀ, ਮਃ 1)

He balances the sun and the moon energies.

ਤਿਸੁ ਉਦਾਸੀ ਕਾ ; ਪੜੈ ਨ ਕੰਧੁ ॥ (952-18, ਰਾਮਕਲੀ, ਮਃ 1)

The body-wall of such an Udasi does not collapse.

ਬੋਲੈ ਗੋਪੀ ਚੰਦੁ ; ਸਤਿ ਸਰੂਪੁ ॥ (952-18, ਰਾਮਕਲੀ, ਮਃ 1)

Says Gopi Chand, Almighty is the embodiment of Truth;

ਪਰਮ ਤੰਤ ਮਹਿ ; ਰੇਖ ਨ ਰੂਪੁ ॥੪॥ (952-18, ਰਾਮਕਲੀ, ਮਃ 1)

the supreme essence of reality has no shape or form. ||4||

ਮਃ ੧ ॥ (952-19)

First Mahala:

ਸੋ ਪਾਖੰਡੀ ; ਜਿ ਕਾਇਆ ਪਖਾਲੇ ॥ (ਕਾਂਇਆ ਬੋਲੋ) (952-19, ਰਾਮਕਲੀ, ਮਃ 1)

He alone is a Pakhandi (the vanisher of sins, Pa=sins + Khandi=vanisher), who cleanses his body of filth.

ਕਾਇਆ ਕੀ ਅਗਨਿ ; ਬ੍ਰਹਮੁ ਪਰਜਾਲੇ ॥ (ਕਾਂਇਆ ਬੋਲੋ) (952-19, ਰਾਮਕਲੀ, ਮਃ 1)

The fire of his body illuminates Almighty within.

ਸੁਪਨੈ ਬਿੰਦੁ ; ਨ ਦੇਈ ਝਰਣਾ ॥ (952-19, ਰਾਮਕਲੀ, ਮਃ 1)

He does not waste his sperms even in dreams means that one remains attached in Almighty's meditation even in the state of dream.

ਤਿਸੁ ਪਾਖੰਡੀ ; ਜਰਾ ਨ ਮਰਣਾ ॥ (953-1, ਰਾਮਕਲੀ, ਮਃ 1)

Such a Paakhandi does not grow old or die.

ਬੋਲੈ ਚਰਪਟੁ ; ਸਤਿ ਸਰੂਪੁ ॥ (953-1, ਰਾਮਕਲੀ, ਮਃ 1)

Says Charpat, Almighty is the embodiment of Truth;

ਪਰਮ ਤੰਤ ਮਹਿ ; ਰੇਖ ਨ ਰੂਪੁ ॥੫॥ (953-1, ਰਾਮਕਲੀ, ਮਃ 1)

the supreme essence of reality has no shape or form. ||5||

ਮਃ ੧ ॥ (953-2)

First Mahala:

ਸੋ ਬੈਰਾਗੀ ; ਜਿ ਉਲਟੇ ਬ੍ਰਹਮੁ ॥ (953-2, ਰਾਮਕਲੀ, ਮਃ 1)

He alone is a Bairaagi, who turns himself toward Almighty.

ਗਗਨ ਮੰਡਲ ਮਹਿ ; ਰੋਪੈ ਥੰਮੁ ॥ (953-2, ਰਾਮਕਲੀ, ਮਃ 1)

In the Tenth Gate, the sky of the mind, he erects the pillar of faith.

ਅਹਿਨਿਸਿ ਅੰਤਰਿ ; ਰਹੈ ਧਿਆਨਿ ॥ (ਅਹਿ-ਨਿਸਿ ਬੋਲੋ) (953-2, ਰਾਮਕਲੀ, ਮਃ 1)

Night and day, he remains in deep inner meditation.

ਤੇ ਬੈਰਾਗੀ ; ਸਤ ਸਮਾਨਿ ॥ (953-3, ਰਾਮਕਲੀ, ਮਃ 1)

Such a Bairaagi is just like the True Lord.

ਬੋਲੈ ਭਰਥਰਿ ; ਸਤਿ ਸਰੂਪੁ ॥ (953-3, ਰਾਮਕਲੀ, ਮਃ 1)

Says Bhart'har, Almighty is the embodiment of Truth;

ਪਰਮ ਤੰਤ ਮਹਿ ; ਰੇਖ ਨ ਰੂਪੁ ॥੬॥ (953-3, ਰਾਮਕਲੀ, ਮਃ 1)
the supreme essence of reality has no shape or form. ||6||

ਮਃ ੧ ॥ (953-3)
First Mahala:

ਕਿਉ ਮਰੈ ਮੰਦਾ ; ਕਿਉ ਜੀਵੈ ਜੁਗਤਿ ॥ (953-3, ਰਾਮਕਲੀ, ਮਃ 1)
How is evil eradicated? How can the true way of life be found?

ਕੰਨ ਪੜਾਇ ; ਕਿਆ ਖਾਜੈ ਭੁਗਤਿ ॥ (953-4, ਰਾਮਕਲੀ, ਮਃ 1)
What is the use of piercing the ears, or begging for food?

ਆਸਤਿ ਨਾਸਤਿ ; ਏਕੋ ਨਾਉ ॥ (953-4, ਰਾਮਕਲੀ, ਮਃ 1)
Throughout existence and non-existence, there is only the Name of the One Master.

ਕਉਣੁ ਸੁ ਅਖਰੁ ; ਜਿਤੁ ਰਹੈ ਹਿਆਉ ॥ (953-4, ਰਾਮਕਲੀ, ਮਃ 1)
What is that Word, which holds the heart in its place?

ਧੂਪ ਛਾਵ ; ਜੇ ਸਮ ਕਰਿ ਸਹੈ ॥ (953-5, ਰਾਮਕਲੀ, ਮਃ 1)
When you look alike upon sunshine and shade,

ਤਾ ਨਾਨਕੁ ਆਖੈ ; ਗੁਰੁ ਕੋ ਕਹੈ ॥ (953-5, ਰਾਮਕਲੀ, ਮਃ 1)
says Guru Nanak, then the Guru will speak to you.

ਛਿਅ ਵਰਤਾਰੇ ; ਵਰਤਹਿ ਪੂਤ ॥ (953-5, ਰਾਮਕਲੀ, ਮਃ 1)
The students follow the six school of thought .

ਨਾ ਸੰਸਾਰੀ ; ਨਾ ਅਉਧੂਤ ॥ (953-6, ਰਾਮਕਲੀ, ਮਃ 1)
They are neither worldly people, nor detached renunciates.

ਨਿਰੰਕਾਰਿ ; ਜੋ ਰਹੈ ਸਮਾਇ ॥ (953-6, ਰਾਮਕਲੀ, ਮਃ 1)
One who remains absorbed in the Formless Almighty

ਕਾਹੇ ; ਭੀਖਿਆ ਮੰਗਣਿ ਜਾਇ ॥੭॥ (953-6, ਰਾਮਕਲੀ, ਮਃ 1)
- why should he go out begging? ||7||

ਪਉੜੀ ॥ (953-6)

Pauree:

ਹਰਿ ਮੰਦਰੁ ਸੋਈ ਆਖੀਐ ; ਜਿਥਹੁ ਹਰਿ ਜਾਤਾ ॥ (953-7, ਰਾਮਕਲੀ, ਮਃ 1)

That alone is said to be Almighty's temple, where Almighty is known.

ਮਾਨਸ ਦੇਹ ਗੁਰ ਬਚਨੀ ਪਾਇਆ ;
ਸਭੁ ਆਤਮ ਰਾਮੁ ਪਛਾਤਾ ॥ (953-7, ਰਾਮਕਲੀ, ਮਃ 1)

In the human body, the Guru's Word is found, when one understands that Almighty, the Supreme Soul, is in all.

ਬਾਹਰਿ ਮੂਲਿ ਨ ਖੋਜੀਐ ; ਘਰ ਮਾਹਿ ਬਿਧਾਤਾ ॥ (953-8, ਰਾਮਕਲੀ, ਮਃ 1)

Don't look for Him outside your self. The Creator, the Architect of Destiny, is within the home of your own heart.

ਮਨਮੁਖ , ਹਰਿ ਮੰਦਰ ਕੀ ਸਾਰ ਨ ਜਾਣਨੀ ;
ਤਿਨੀ ਜਨਮੁ ਗਵਾਤਾ ॥ (953-8, ਰਾਮਕਲੀ, ਮਃ 1)

The self-willed manmukh does not appreciate the value of Almighty's temple; they waste away and lose their lives.

ਸਭ ਮਹਿ ਇਕੁ ਵਰਤਦਾ ;
ਗੁਰ ਸਬਦੀ ਪਾਇਆ ਜਾਈ ॥੧੨॥ (953-9, ਰਾਮਕਲੀ, ਮਃ 1)

The One Master is pervading in all; through the Guru's Shabad (Gurbani), He can be found. ||12||

ਵਾਹੁ ਵਾਹੁ ਸਚੇ ਪਾਤਿਸਾਹ ; ਤੂ ਸਚੀ ਨਾਈ ॥
(ਇਹ ਪੰਗਤੀ ਭਾਂਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਏਥੇ ਨਹੀਂ ਲਿਖੀ ਪਰ ਗੁਰੂ ਸਾਹਿਬ ਦੀ ਚਲਾਈ ਮਰਯਾਦਾ ਅਨੁਸਾਰ ਏਸ ਵਾਰ ਦੀ ਹਰੇਕ ਪਉੜੀ ਦੇ ਪਿਛੋਂ ਜ਼ਰੂਰ ਪੜ੍ਹਨੀ ਹੈ)

ਸਲੋਕ , ਮਃ ੩ ॥ (953-9)

Salok, Third Mahala:

ਮੂਰਖੁ ਹੋਵੈ ਸੋ ਸੁਣੈ ; ਮੂਰਖ ਕਾ ਕਹਣਾ ॥ (953-9, ਰਾਮਕਲੀ, ਮਃ 3)

Only a fool listens to the words of the fool.

ਮੂਰਖ ਕੇ ਕਿਆ ਲਖਣ ਹੈ ; ਕਿਆ ਮੂਰਖ ਕਾ ਕਰਣਾ ॥ (953-10, ਰਾਮਕਲੀ, ਮਃ 3)

What are the signs of the fool? What does the fool do?

ਮੂਰਖੁ ਓਹੁ , ਜਿ ਮੁਗਧੁ ਹੈ ; ਅਹੰਕਾਰੇ ਮਰਣਾ ॥ (953-10, ਰਾਮਕਲੀ, ਮਃ 3)

A fool is stupid; he dies of egotism.

ਏਤੁ ਕਮਾਣੈ ਸਦਾ ਦੁਖੁ ; ਦੁਖ ਹੀ ਮਹਿ ਰਹਣਾ ॥ (953-11, ਰਾਮਕਲੀ, ਮਃ 3)

His actions always bring him pain; he lives in pain.

ਅਤਿ ਪਿਆਰਾ ਪਵੈ ਖੂਹਿ ; ਕਿਹੁ ਸੰਜਮੁ ਕਰਣਾ ॥ (953-11, ਰਾਮਕਲੀ, ਮਃ 3)

If someone's beloved friend falls into the pit, what can be used to pull him out?

ਗੁਰਮੁਖਿ ਹੋਇ , ਸੁ ਕਰੇ ਵੀਚਾਰੁ ;
ਓਸੁ ਅਲਿਪਤੋ ਰਹਣਾ ॥ (ਅ-ਲਿਪਤੋ ਬੋਲੋ) (953-11, ਰਾਮਕਲੀ, ਮਃ 3)

One who becomes Gurmukh contemplates Almighty, and remains detached.

ਹਰਿ ਨਾਮੁ ਜਪੈ , ਆਪਿ ਉਧਰੈ ;
ਓਸੁ ਪਿਛੈ ਡੁਬਦੇ ਭੀ ਤਰਣਾ ॥ (953-12, ਰਾਮਕਲੀ, ਮਃ 3)

Chanting Almighty's Name, he saves himself, and he carries across those who are drowning as well.

ਨਾਨਕ , ਜੋ ਤਿਸੁ ਭਾਵੈ ਸੋ ਕਰੇ ;
ਜੋ ਦੇਇ , ਸੁ ਸਹਣਾ ॥੧॥ (953-12, ਰਾਮਕਲੀ, ਮਃ 3)

Guru Nanak says, he acts in accordance with the Will of Almighty; he endures whatever he is given. ||1||

ਮਃ ੧ ॥ (953-13)

First Mahala:

ਨਾਨਕੁ ਆਖੈ , ਰੇ ਮਨਾ ; ਸੁਣੀਐ ਸਿਖ ਸਹੀ ॥ (953-13, ਰਾਮਕਲੀ, ਮਃ 1)

Says Guru Nanak, listen, O mind, to the True Teachings.

ਲੇਖਾ ਰਬੁ ਮੰਗੇਸੀਆ ; ਬੈਠਾ ਕਢਿ ਵਹੀ ॥ (953-13, ਰਾਮਕਲੀ, ਮਃ 1)

Opening His ledger, Almighty will ask you for the account of your deeds.

ਤਲਬਾ ਪਉਸਨਿ ਆਕੀਆ ; ਬਾਕੀ ਜਿਨਾ ਰਹੀ ॥ (953-14, ਰਾਮਕਲੀ, ਮਃ 1)

Those rebels who have unpaid accounts shall be called out.

ਅਜਰਾਈਲੁ ਫਰੇਸਤਾ ; ਹੋਸੀ ਆਇ ਤਈ ॥ (953-14, ਰਾਮਕਲੀ, ਮਃ 1)

Azraa-eel[6], the Angel of Death, shall be appointed to punish them.

ਆਵਣੁ ਜਾਣੁ ਨ ਸੁਝਈ ; ਭੀੜੀ ਗਲੀ ਫਹੀ ॥ (953-15, ਰਾਮਕਲੀ, ਮਃ 1)

They will find no way to escape coming and going in reincarnation; they are trapped in the narrow path.

ਕੂੜ ਨਿਖੁਟੇ ਨਾਨਕਾ ; **(ਨਿਖੁੱਟੇ ਬੋਲੋ)**
ਓੜਕਿ ਸਚਿ ਰਹੀ ॥੨॥ (953-15, ਰਾਮਕਲੀ, ਮਃ 1)

Falsehood will come to an end, Guru Nanak says, and Truth will prevail in the end. ||2||

ਪਉੜੀ ॥ (953-16)

Pauree:

ਹਰਿ ਕਾ ਸਭੁ ਸਰੀਰੁ ਹੈ ;
ਹਰਿ ਰਵਿ ਰਹਿਆ ਸਭੁ ਆਪੈ ॥ (953-16, ਰਾਮਕਲੀ, ਮਃ 1)

The body and everything belongs to Almighty; Almighty Himself is all-pervading.

ਹਰਿ ਕੀ ਕੀਮਤਿ ਨ ਪਵੈ ; ਕਿਛੁ ਕਹਣੁ ਨ ਜਾਪੈ ॥ (953-16, ਰਾਮਕਲੀ, ਮਃ 1)

Almighty's value cannot be estimated; nothing can be said about it.

ਗੁਰਪਰਸਾਦੀ ਸਾਲਾਹੀਐ ; ਹਰਿ ਭਗਤੀ ਰਾਪੈ ॥ (953-17, ਰਾਮਕਲੀ, ਮਃ 1)

By Guru's Grace, one praises Almighty, imbued with feelings of devotion.

ਸਭੁ ਮਨੁ ਤਨੁ ਹਰਿਆ ਹੋਇਆ ; ਅਹੰਕਾਰੁ ਗਵਾਪੈ ॥ (953-17, ਰਾਮਕਲੀ, ਮਃ 1)

The mind and body are totally rejuvenated, and egotism is eradicated.

ਸਭੁ ਕਿਛੁ ਹਰਿ ਕਾ ਖੇਲੁ ਹੈ ;
ਗੁਰਮੁਖਿ ਕਿਸੈ ਬੁਝਾਈ ॥੧੩॥ (953-18, ਰਾਮਕਲੀ, ਮਃ 1)

Everything is the play of Almighty. The Gurmukh understands this. ||13||

---

[6] **Jibraaiyl/Jibril** (Judeo-ChristianGabriel), the angel of revelation, who is said to be the greatest of the angels. Jibrayil is widely known as the angel who communicates with (all of) the prophets and also for coming down with Allah's blessings during the night of Laylat al-Qadr ("The Night of Destiny"). **Israfil/Israafiyl**(Judeo-Christian Raphael), who will blow the trumpet twice at the end of time. According to the Hadith, Israafiyl is the angel responsible for signaling the coming of Qiyamah (Judgment Day) by blowing a horn and sending out a Blast of Truth. It is said that the first blow will destroy everything, while the second blow will bring all human beings back to life again to meet their Lord.**Mikaaiyl**(Judeo-Christian Michael), who provides nourishments for bodies and souls. Mikaaiyl is often depicted as the Archangel of mercy who is responsible for bringing rain and thunder to Earth. He is also responsible for the rewards doled out to good persons in this life.**Azrael**(Judeo-Christian Azrael), the angel of death. He is responsible for parting the soul from the body. He is only referred as malak al-maut, meaning angel of death, in the Qur'an.

ਵਾਹੁ ਵਾਹੁ ਸਚੇ ਪਾਤਿਸਾਹ ; ਤੂ ਸਚੀ ਨਾਈ ॥
(ਇਹ ਪੰਗਤੀ ਭਾਂਵੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਏਥੇ ਨਹੀਂ ਲਿਖੀ ਪਰ ਗੁਰੂ ਸਾਹਿਬ ਦੀ ਚਲਾਈ ਮਰਯਾਦਾ ਅਨੁਸਾਰ ਏਸ ਵਾਰ ਦੀ ਹਰੇਕ ਪਉੜੀ ਦੇ ਪਿਛੋਂ ਜ਼ਰੂਰ ਪੜ੍ਹਨੀ ਹੈ)

ਸਲੋਕੁ , ਮਃ ੧ ॥ (953-18)

Salok, First Mahala:

Prologue: While travelling from Lahore, Guru Nanak Dev Ji came to a place called Sat Ghare. Guru Ji sat opposite a very busy market and there was a trader who had many servants working around him. Bhai Mardana looked at him and said, "Look Guru Ji this man nust be very happy." Guru Ji answered, "No, he is not happy as he seems to be." Upon Guru Ji's answer, Bhai Mardana went to the trader to confirm. The trader cried and narrated his awful life encounters. Bhai Mardana brought him to Guru Ji and Guru Ji uttered the following Shabad;

ਸਹੰਸਰ ਦਾਨ ਦੇ ; ਇੰਦ੍ਰੁ ਰੋਆਇਆ ॥ (953-18, ਰਾਮਕਲੀ, ਮਃ 1)

Branded with a thousand marks of disgrace, Deity Inder cried in shame after being cursed by Gautam Rishi.

